ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
# ਆਵਾਜ਼ਿ ਕੌਮ
www.awazeqaumtv.com
Also On
Visit on facebook
https://www.facebook.com/awazeqaumtv/videos/194899582124531/
Awaze Qaum
(ਯੂ. ਕੇ. ਤੋਂ ਪ੍ਰਕਾਸ਼ਿਤ)
https://youtu.be/LQwolgxDu7I
International Daily Newspaper & WEB TV
awazeqaumtvpunjab@gmail.com
ਬੁੱਧਵਾਰ, 1 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੬ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਕਾਰਵਾਈ, ਚੀਮਾ ਨੂੰ ਪਾਰਟੀ 'ਚੋਂ ਕੱਢਿਆ

**ਚੰਡੀਗੜ੍ਹ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਆਗੂ ਜਗਦੀਪ ਸਿੰਘ ਚੀਮਾ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾਇਆ ਹੈ। ਇਹ ਕਾਰਵਾਈ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਕੀਤੀ ਗਈ ਹੈ। ਇਸ ਦੀ ਜਾਣਕਾਰੀ ਦਿੰਦਿਆਂ ਪਾਰਟੀ ਦੇ ਮੁੱਖ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫਤਹਿਗੜ੍ਹ ਸਾਹਿਬ ਜ਼ਿਲ੍ਹਾ ਸੰਬੰਧੀ ਸੰਗਠਨ ਦੀ ਰਿਪੋਰਟ ਅਤੇ ਜ਼ਿਲ੍ਹੇ ਦੇ ਹੋਰ ਸੀਨੀਅਰ ਆਗੂਆਂ ਵੱਲੋਂ ਮਿਲੀਆਂ ਸ਼ਿਕਾਇਤਾਂ 'ਤੇ ਗੰਭੀਰ ਨੋਟਿਸ ਲੈਂਦਿਆਂ ਪਾਰਟੀ ਦੇ ਸੀਨੀਅਰ ਆਗੂ ਜਗਦੀਪ ਸਿੰਘ ਚੀਮਾ ਵਿਰੁੱਧ ਕਾਰਵਾਈ ਕੀਤੀ ਹੈ। ਪਾਰਟੀ ਦੇ ਆਹਲਾ ਆਗੂਆਂ ਨਾਲ ਚਰਚਾ ਕਰਨ ਤੋਂ ਬਾਅਦ ਫ਼ੈਸਲਾ ਲਿਆ ਗਿਆ ਕਿ ਜਗਦੀਪ ਸਿੰਘ ਚੀਮਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਕੱਢ ਦਿੱਤਾ ਜਾਵੇ। ਇਸ ਫ਼ੈਸਲੇ ਨਾਲ ਅਕਾਲੀ ਦਲ ਨੇ ਸਪਸ਼ਟ ਕਰ ਦਿੱਤਾ ਹੈ ਕਿ ਪਾਰਟੀ ਵਿਰੋਧੀ ਗਤੀਵਿਧੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜਿਹੜਾ ਵੀ ਆਗੂ ਅਨੁਸ਼ਾਸਨ ਦੀ ਉਲੰਘਣਾ ਕਰੇਗਾ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਗੈਂਗਸਟਰ ਦਾਸੂਵਾਲ ਨੇ ਜੱਗੂ ਭਗਵਾਨਪੁਰੀਆ ਗੈਂਗ ਨੂੰ ਦਿੱਤੀ ਧਮਕੀ

# ਪੰਜਾਬ 'ਚ ਇੱਕ ਹੋਰ ਗੈਂਗਵਾਰ ਦਾ ਖਦਸ਼ਾ !

**ਚੰਡੀਗੜ੍ਹ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਜਲਦੀ ਹੀ ਇੱਕ ਹੋਰ ਗੈਂਗਵਾਰ ਹੋਣ ਦੀਆਂ ਸੰਭਾਵਨਾ ਬਣ ਰਹੀ ਹੈ। ਦਰਅਸਲ, ਭਗਵਾਨਪੁਰੀਆ ਦੀ ਮਾਂ ਦੀ ਹੱਤਿਆ ਤੋਂ ਬਾਅਦ ਹੀ ਜੱਗੂ ਅਤੇ ਘਣਸ਼ਿਆਮਪੁਰੀਆ ਗੈਂਗ ਸਾਹਮਣੇ ਆ ਗਏ ਹਨ ਅਤੇ ਇੱਕ ਦੂਜੇ ਨੂੰ ਖੁੱਲ੍ਹੀ ਚੁਣੌਤੀ ਦੇ ਰਹੇ ਹਨ। ਹਾਲ ਹੀ ਵਿੱਚ ਅੰਮ੍ਰਿਤਸਰ ਦੇ



ਛੇਹਰਟਾ ਵਿੱਚ ਹੋਈ ਧਰਮਜੀਤ ਸਿੰਘ ਉਰਫ਼ ਧਰਮਾ ਦੀ ਹੱਤਿਆ ਵੀ ਇਸ ਗੈਂਗਵਾਰ ਦਾ ਨਤੀਜਾ ਮੰਨੀ ਜਾ ਰਹੀ ਹੈ। ਦੂਜੇ ਪਾਸੇ, ਹੁਣ ਘਣਸ਼ਿਆਮਪੁਰੀਆ ਗੈਂਗ ਵੱਲੋਂ ਇੱਕ ਹੋਰ ਪੋਸਟ ਸਾਂਝਾ ਕੀਤੀ ਗਈ ਹੈ। ਹਾਲਾਂਕਿ ਏਬੀਪੀ ਸਾਂਝਾ ਇਸ ਵਾਇਰਲ ਪੋਸਟ ਦੀ ਪੁਸ਼ਟੀ ਨਹੀਂ ਕਰਦਾ, ਪਰ ਇਸ ਪੋਸਟ ਵਿੱਚ ਗੈਂਗਸਟਰ ਪ੍ਰਭ ਦਾਸੂਵਾਲ ਇੱਕ ਪਾਸੇ ਪੁਲਿਸ ਨੂੰ ਬੇਨਤੀ ਕਰਦਾ ਨਜ਼ਰ ਆ ਰਿਹਾ ਹੈ, ਤਾਂ ਦੂਜੇ ਪਾਸੇ ਉਸਨੇ ਆਪਣੇ ਵਿਰੋਧੀ ਗੈਂਗ ਨੂੰ ਸਾਵਧਾਨ ਰਹਿਣ ਦੀ ਹਿਦਾਇਤ ਦਿੱਤੀ ਹੈ। ਇਸ ਵਿੱਚ ਉਸਨੇ ਸਾਫ਼ ਕਿਹਾ ਹੈ ਕਿ ਉਨ੍ਹਾਂ ਨੂੰ ਨਤੀਜੇ ਬਹੁਤ ਹੀ ਜਲਦੀ ਮਿਲਣਗੇ।

**ਪੋਸਟ 'ਚ ਕਹੀਆਂ ਮੁੱਖ ਗੱਲਾਂ**: ਵਾਇਰਲ ਪੋਸਟ 'ਚ ਲਿਖਿਆ ਗਿਆ- 'ਸਤਿ ਸ੍ਰੀ ਅਕਾਲ ਸਾਰਿਆਂ ਨੂੰ। ਮੈਂ ਪ੍ਰਭ ਦਾਸੂਵਾਲ ਹਾਂ। 26/9/25 ਨੂੰ ਭਿਖੀਵਿੰਡ ਦੇ ਚੋਪੜਾ ਕਲੀਨਿਕ ਅਤੇ ਸੇਂਟ ਕਬੀਰ ਸਕੂਲ ਵਿੱਚ ਹੋਈ ਫਾਇਰਿੰਗ ਮੇਰੇ ਭਰਾ ਪਵਨ ਭਿਖੀਵਿੰਡ ਅਤੇ ਹਰਮਨ ਭਿਖੀਵਿੰਡ ਨੇ ਕੀਤੀ ਸੀ। ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਨੂੰ ਜਲੰਧਰ ਤੋਂ ਗ੍ਰਿਫਤਾਰ ਕਰ ਲਿਆ ਹੈ।'

ਪੋਸਟ 'ਚ ਅੱਗੇ ਲਿਖਿਆ ਗਿਆ- 'ਹਰਮਨ ਦੀ ਲੱਤ 'ਤੇ ਗੋਲੀ ਮਾਰੀ ਗਈ ਹੈ ਅਤੇ ਪਵਨ ਦੀ ਗ੍ਰਿਫਤਾਰੀ ਨੂੰ ਹਾਲੇ ਜਨਤਕ ਨਹੀਂ ਕੀਤਾ ਗਿਆ। ਹੁਣ ਅੰਮ੍ਰਿਤਸਰ ਪੁਲਿਸ ਉਸ ਦਾ ਵੀ ਐਨਕਾਊਂਟਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਬਾਕੀ ਮੈਂ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਬੇਨਤੀ ਕਰਦਾ ਹਾਂ ਕਿ ਪਹਿਲਾਂ ਤੁਸੀਂ ਪੰਜਾਬ ਦੇ ਨੌਜਵਾਨਾਂ ਨੂੰ ਗੈਂਗਸਟਰ ਬਣਾਉਂਦੇ ਹੋ ਅਤੇ ਫਿਰ ਅੱਤਵਾਦੀ ਬਣਾ ਦਿੰਦੇ ਹੋ। ਜਿਵੇਂ ਹੁਣ ਤੁਸੀਂ ਮੈਨੂੰ ਗੁਰਪਤਵੰਤ ਸਿੰਘ ਪੰਨੂ ਨਾਲ ਜੋੜ ਕੇ ਅੱਤਵਾਦੀ ਬਣਾ ਰਹੇ ਹੋ। ਕੀ ਜੋ ਸ਼ਮਸ਼ੇਰ ਸ਼ੇਰਾ ਨੂੰ ਅਰਮੀਨੀਆ ਪੁਲਿਸ ਨੇ ਫੜਿਆ ਅਤੇ ਜੋਬਨ, ਵਿਸ਼ਾਲ ਅਤੇ ਕੀੜੀ ਨੂੰ ਫੜਿਆ ਗਿਆ, ਉਹਨਾਂ ਨਾਲ ਮੇਰਾ ਅਤੇ ਮੇਰੇ ਭਰਾ ਦਾ ਕੋਈ ਸੰਬੰਧ ਨਹੀਂ ਹੈ। ਅਸੀਂ ਆਪਣੀ ਦੁਸ਼ਮਣੀ ਵਿੱਚ ਹਾਂ ਅਤੇ ਇਸ ਵਿੱਚ ਹੀ ਰਹਿਣਾ ਚਾਹੀਦਾ ਹੈ। ਸਾਨੂੰ ਬੱਬਰ ਖਾਲਸਾ ਨਾਲ ਨਾ ਜੋੜਿਆ ਜਾਵੇ। ਪੁਲਿਸ ਨੇ ਪਹਿਲਾਂ ਸਾਡੇ ਐਂਟੀ ਗਰੁੱਪ ਨਾਲ ਮਿਲ ਕੇ ਬਹੁਤ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।'

## ਹੁਣ ਪੰਜਾਬ ਪੁਲਿਸ ਨੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਚਾਚਾ ਲਿਆ ਰਿਮਾਂਡ 'ਤੇ

**ਜਲੰਧਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਨਕੋਦਰ ਦੀ ਅਦਾਲਤ ਨੇ ਖਾਲਿਸਤਾਨ ਪੱਖੀ ਸੰਸਦ



ਮੈਂਬਰ ਅੰਮ੍ਰਿਤਪਾਲ ਸਿੰਘ ਦੇ ਚਾਚਾ ਹਰਜੀਤ ਸਿੰਘ ਨੂੰ ਦੋ ਦਿਨਾਂ ਲਈ ਪੁਲਿਸ ਰਿਮਾਂਡ ਵਿੱਚ ਭੇਜਣ ਦਾ ਹੁਕਮ ਦਿੱਤਾ ਹੈ। ਉਸਨੂੰ ਸੋਮਵਾਰ ਨੂੰ ਭਾਰੀ ਪੁਲਿਸ ਸੁਰੱਖਿਆ ਵਿਚਕਾਰ ਸਬ-ਡਵੀਜ਼ਨਲ ਜੁਡੀਸ਼ੀਅਲ ਮੈਜਿਸਟਰੇਟ ਸਿਮਰਨਜੀਤ ਕੌਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਪੁਲਿਸ ਨੇ ਦਲੀਲ ਦਿੱਤੀ ਅਤੇ 10 ਦਿਨਾਂ ਦੇ ਰਿਮਾਂਡ ਦੀ ਬੇਨਤੀ ਕੀਤੀ, ਪਰ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਸਿਰਫ ਦੋ ਦਿਨਾਂ ਦੇ ਪੁਲਿਸ ਰਿਮਾਂਡ ਦੀ ਇਜਾਜ਼ਤ ਦੇ ਦਿੱਤੀ। ਨਕੋਦਰ ਪੁਲਿਸ ਹੁਣ ਮਾਮਲੇ ਦੀ ਜਾਂਚ ਕਰ ਰਹੀ ਹੈ। ਜ਼ਿਕਰ ਕਰ ਦਈਏ ਕਿ ਹਰਜੀਤ ਸਿੰਘ ਪਹਿਲਾਂ ਇੱਕ ਹੋਰ ਮਾਮਲੇ ਵਿੱਚ ਬਠਿੰਡਾ ਜੇਲ੍ਹ ਵਿੱਚ ਬੰਦ ਸੀ। ਬਚਾਅ ਪੱਖ ਦੀ ਬੇਨਤੀ 'ਤੇ, ਉਸਨੂੰ ਪ੍ਰੋਡਕਸ਼ਨ ਵਾਰੰਟ 'ਤੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਮਾਮਲੇ ਦਾ ਇੱਕ ਹੋਰ ਦੋਸ਼ੀ ਹਰਪ੍ਰੀਤ ਸਿੰਘ ਪਹਿਲਾਂ ਹੀ ਬਠਿੰਡਾ ਜੇਲ੍ਹ ਵਿੱਚ ਹੈ। ਅੰਮ੍ਰਿਤਪਾਲ ਸਿੰਘ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਹੈ।

**ਕੀ ਹੈ ਪੂਰਾ ਮਾਮਲਾ** : ਪੁਲਿਸ ਦੇ ਅਨੁਸਾਰ, 20 ਮਾਰਚ, 2023 ਨੂੰ, ਕੁਝ ਵਿਅਕਤੀ, ਜੋ ਆਪਣੇ ਆਪ ਨੂੰ ਹਰਜੀਤ ਸਿੰਘ, ਹਰਪ੍ਰੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਦੱਸਦੇ ਹਨ, ਬੰਦੂਕ ਦੀ ਨੋਕ 'ਤੇ ਇੱਕ ਘਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਨੂੰ ਉੱਥੇ ਰਹਿਣ ਲਈ ਮਜਬੂਰ ਕੀਤਾ। ਇਸ ਘਟਨਾ ਸਬੰਧੀ ਮਹਿਤਪੁਰ ਪੁਲਿਸ ਸਟੇਸ਼ਨ ਨੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ 'ਤੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 449, 342, 506 ਅਤੇ 34 ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਦੋਸ਼ ਲਗਾਏ ਜਾ ਰਹੇ ਹਨ। ਪੁਲਿਸ ਹੁਣ ਮਾਮਲੇ ਦੇ ਸਬੰਧ ਵਿੱਚ ਹਰਜੀਤ ਸਿੰਘ ਤੋਂ ਪੁੱਛਗਿੱਛ ਕਰ ਰਹੀ ਹੈ।

## ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਸਿਹਤ ਅਜੇ ਵੀ ਨਾਜ਼ੁਕ ! MRI 'ਚ ਹੋਇਆ ਹੈਰਾਨੀਜਨਕ ਖੁਲਾਸਾ

**ਮੋਹਾਲੀ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਸਿਹਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ। ਮੁਹਾਲੀ ਦੇ ਫੋਰਟਿਸ ਹਸਪਤਾਲ ਵੱਲੋਂ ਗਾਇਕ ਦੀ



ਸਿਹਤ ਨਾਲ ਸਬਧਿਤ ਨਵਾਂ ਅਪਡੇਟ ਜਾਰੀ ਕੀਤਾ ਗਿਆ ਹੈ। ਜਿਸ ਮੁਤਾਬਿਕ ਐਮਆਰਆਈ ਸਕੈਨ 'ਚ ਬ੍ਰੇਨ 'ਚ ਗੰਭੀਰ ਸੱਟਾਂ ਆਈਆਂ ਹਨ। ਫੋਰਟਿਸ ਹਸਪਤਾਲ ਦੇ ਮੁਤਾਬਿਕ ਪੰਜਾਬੀ ਗਾਇਕ ਰਾਜਵੀਰ ਜਵੰਦਾ ਫੋਰਟਿਸ ਹਸਪਤਾਲ, ਮੁਹਾਲੀ ਵਿਖੇ ਲਾਈਫ ਸਪੋਰਟ 'ਤੇ ਹਨ। ਉਨ੍ਹਾਂ ਦੀ ਨਿਊਰੋਲੋਜੀਕਲ ਸਥਿਤੀ ਨਾਜ਼ੁਕ ਬਣੀ ਹੋਈ ਹੈ, ਦਿਮਾਗ ਦੀ ਗਤੀਵਿਧੀ ਘੱਟ ਹੈ, ਅਤੇ ਡਾਕਟਰੀ ਇਲਾਜ ਦੇ ਬਾਵਜੂਦ ਕੋਈ ਮਹੱਤਵਪੂਰਨ ਸੁਧਾਰ ਨਹੀਂ ਹੋਇਆ ਹੈ। ਹਸਪਤਾਲ ਨੇ ਇਹ ਵੀ ਦੱਸਿਆ ਕਿ ਇੱਕ ਦਿਮਾਗ ਦੇ ਐਮਆਰਆਈ ਸਕੈਨ ਵਿੱਚ ਹਾਈਪੋਕਸਿਕ ਤਬਦੀਲੀਆਂ ਦਿਖਾਈਆਂ ਗਈਆਂ ਜੋ ਪ੍ਰਾਇਮਰੀ ਸੈਂਟਰ ਵਿੱਚ ਸੀਪੀਆਰ ਦਿੱਤੇ ਜਾਣ ਤੋਂ ਬਾਅਦ ਹੋਈਆਂ ਸਨ। ਇੱਕ ਰੀੜ੍ਹ ਦੀ ਹੱਡੀ ਦੇ ਐਮਆਰਆਈ ਨੇ ਸਰਵਾਈਕਲ ਅਤੇ ਡੋਰਸਲ ਖੇਤਰਾਂ ਨੂੰ ਵਿਆਪਕ ਨੁਕਸਾਨ ਦਾ ਖੁਲਾਸਾ ਕੀਤਾ, ਜਿਸਦੇ ਨਤੀਜੇ ਵਜੋਂ ਸਾਰੇ ਚਾਰੇ ਅੰਗਾਂ ਵਿੱਚ ਗੰਭੀਰ ਕਮਜ਼ੋਰੀ ਆਈ। ਉਨ੍ਹਾਂ ਨੂੰ ਲੰਬੇ ਸਮੇਂ ਲਈ ਵੈਂਟੀਲੇਟਰ ਸਹਾਇਤਾ ਦੀ ਲੋੜ ਹੈ।

**ਹੁਣ ਤੱਕ ਦੀ ਜਾਣਕਾਰੀ ਮੁਤਾਬਿਕ**

27 ਸਤੰਬਰ - ਦੁਪਹਿਰ 1:45 ਵਜੇ, ਰਾਜਵੀਰ ਜਵੰਦਾ ਨੂੰ ਫੋਰਟਿਸ ਹਸਪਤਾਲ, ਮੁਹਾਲੀ ਲਿਆਂਦਾ ਗਿਆ। ਸੜਕ ਹਾਦਸੇ ਵਿੱਚ ਉਨ੍ਹਾਂ ਦੇ ਸਿਰ ਅਤੇ ਰੀੜ੍ਹ ਦੀ ਹੱਡੀ ਵਿੱਚ ਗੰਭੀਰ ਸੱਟਾਂ ਲੱਗੀਆਂ ਸਨ। ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲਾਂ ਦਿਲ ਦਾ ਦੌਰਾ ਪਿਆ ਸੀ। ਹਸਪਤਾਲ ਪਹੁੰਚਣ 'ਤੇ ਉਨ੍ਹਾਂ ਨੂੰ ਵੈਂਟੀਲੇਟਰ ਸਪੋਰਟ 'ਤੇ ਰੱਖਿਆ ਗਿਆ ਸੀ। ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। 28 ਸਤੰਬਰ - ਡਾਕਟਰਾਂ ਨੇ ਦੱਸਿਆ ਕਿ ਰਾਜਵੀਰ ਵੈਂਟੀਲੇਟਰ 'ਤੇ ਹਨ। ਨਿਊਰੋਸਰਜਰੀ ਅਤੇ ਕ੍ਰਿਟੀਕਲ ਕੇਅਰ ਮਾਹਿਰਾਂ ਦੀ ਇੱਕ ਟੀਮ ਲਗਾਤਾਰ ਉਨ੍ਹਾਂ ਦੀ ਨਿਗਰਾਨੀ ਅਤੇ ਇਲਾਜ ਕਰ ਰਹੀ ਹੈ। 29 ਸਤੰਬਰ - ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਹਾਲਤ ਵਿੱਚ ਥੋੜ੍ਹਾ ਸੁਧਾਰ ਹੋਇਆ ਹੈ, ਪਰ ਉਹ ਵੈਂਟੀਲੇਟਰ ਸਪੋਰਟ 'ਤੇ ਹਨ। ਨਿਊਰੋਸਰਜਰੀ ਅਤੇ ਕ੍ਰਿਟੀਕਲ ਕੇਅਰ ਮਾਹਿਰਾਂ ਦੀ ਇੱਕ ਟੀਮ ਦੁਆਰਾ ਉਨ੍ਹਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

**ਇੰਝ ਵਾਪਰਿਆ ਸੀ ਭਿਆਨਕ ਹਾਦਸਾ**

ਕਾਬਿਲੇਗੌਰ ਹੈ ਕਿ ਰਾਜਵੀਰ ਜਵੰਦਾ ਦਾ ਹਾਦਸਾ 27 ਸਤੰਬਰ ਨੂੰ ਪਿੰਜੌਰ-ਨਾਲਾਗੜ੍ਹ ਸੜਕ 'ਤੇ ਵਾਪਰਿਆ। ਉਹ ਆਪਣੀ ਸਾਈਕਲ 'ਤੇ ਬੱਦੀ ਤੋਂ ਸ਼ਿਮਲਾ ਜਾ ਰਹੇ ਸੀ। ਰਿਪੋਰਟਾਂ ਅਨੁਸਾਰ, ਸੜਕ 'ਤੇ ਦੋ ਬਲਦ ਲੜ ਰਹੇ ਸੀ ਅਤੇ ਉਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ, ਜਵੰਦਾ ਦੀ ਸਾਈਕਲ ਇੱਕ ਸਾਹਮਣੇ ਆ ਰਹੀ ਜੀਪ ਨਾਲ ਟਕਰਾ ਗਈ।

## ਇਕ ਮਹੀਨੇ ਬਾਆਦ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਨਹੀਂ ਸੁਧਰੇ ਹਾਲਾਤ

**ਚੰਡੀਗੜ੍ਹ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਰਹੱਦੀ ਖੇਤਰ ਅੰਦਰ ਕਰੀਬ ਇਕ ਮਹੀਨਾ ਪਹਿਲਾਂ ਰਾਵੀ ਦਰਿਆ ਵਿਚ ਅਚਾਨਕ ਪਾਣੀ ਦਾ ਪੱਧਰ ਹੱਦ ਤੋਂ ਜ਼ਿਆਦਾ ਵੱਧਣ ਕਾਰਨ ਕਰੀਬ 10-12 ਕਿਲੋਮੀਟਰ



ਦੇ ਖੇਤਰ ਅੰਦਰ ਹੜ੍ਹ ਨੇ ਕਾਫੀ ਕਹਿਰ ਮਚਾਇਆ ਗਿਆ ਸੀ ਜਿਸ ਕਾਰਨ ਲੋਕਾਂ ਜਾ ਜਿਊਣਾ ਮੁਹਾਲ ਹੋ ਗਿਆ, ਕਈ ਲੋਕਾਂ ਨੂੰ ਆਪਣੇ ਘਰੋਂ ਬੇਘਰ ਹੋਣਾ ਪਿਆ ਸੀ। ਜੇਕਰ ਅੱਜ ਇਕ ਮਹੀਨੇ ਬਾਆਦ ਵੀ ਹੜ੍ਹ ਪ੍ਰਭਾਵਿਤ ਇਲਾਕਿਆ ਦੇ ਹਾਲਾਤਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਕੋਈ ਜ਼ਿਆਦਾ ਸੁਧਾਰ ਵੇਖਣ ਨੂੰ ਨਹੀਂ ਮਿਲ ਰਿਹਾ ਹੈ। ਇਸ ਸੰਬੰਧੀ ਇਲਾਕੇ ਦਾ ਦੌਰਾ ਕਰਕੇ ਹਾਲਾਤਾਂ 'ਤੇ ਨਜ਼ਰ ਮਾਰੀ ਗਈ ਹੈ। ਜੇਕਰ ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਸੇ ਪਿੰਡਾਂ ਵਿਚ ਝਾਤ ਮਾਰੀ ਜਾਵੇ ਤਾਂ ਬਿਜਲੀ ਦੀ ਤਾਰਾਂ ਟੁੱਟਣ ਕਾਰਨ ਕਈ ਘਰਾਂ ਵਿਚ ਬਿਜਲੀ ਸਪਲਾਈ ਅਜੇ ਵੀ ਠੱਪ ਹੋਣ ਕਾਰਨ ਲੋਕਾਂ ਨੂੰ ਕਈ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ ਰਿਹਾ ਹੈ ਜਿਸ ਕਾਰਨ ਕਈ ਲੋਕਾਂ ਨੂੰ ਨੇੜਲੇ ਪਿੰਡਾ ਵਿਚ ਆਪਣੇ ਮੋਬਾਇਲ ਫੋਨਾਂ ਸਮੇਤ ਹੋਰ ਕਈ ਬਿਜਲੀ ਦੇ ਕੰਮਕਾਰ ਕਰਨ ਲਈ ਮਜਬੂਰ ਹੋ ਰਹੇ ਹਨ। ਰਾਵੀ ਦਰਿਆ ਦੇ ਪਾਰਲੇ ਪਾਸੇ ਦੇ ਸੱਤ ਪਿੰਡਾਂ ਅੰਦਰ ਵਾਟਰ ਸਪਲਾਈ ਦੀ ਸਹੂਲਤ ਨਾ ਹੋਣ ਕਾਰਨ ਲੋਕ ਪਹਿਲਾ ਹੀ ਨਲਕਿਆ ਦਾ ਪਾਣੀ ਪੀਣ ਲਈ ਮਜਬੂਰ ਸਨ ਪਰ ਹੜ੍ਹ ਤੋਂ ਬਾਆਦ ਇਹ ਸਾਰੇ ਨਲਕੇ ਕਈ ਦਿਨ ਪਾਣੀ ਵਿਚ ਡੁੱਬੇ ਰਹਿਣ ਕਾਰਨ ਸਾਰੇ ਨਲਕਿਆ ਦੇ ਬੋਰਾਂ ਦਾ ਪਾਣੀ ਗੰਦਾ ਹੋਣ ਕਾਰਨ ਲੋਕ ਅੱਜ ਵੀ ਗੰਦਾ ਪਾਣੀ ਪੀਣ ਲਈ ਮਜਬੂਰ ਹਨ ਜਿਸ ਕਾਰਨ ਕਿਸੇ ਵੇਲੇ ਵੀ ਭਿਆਨਕ ਬੀਮਾਰੀ ਦੀ ਲਪੇਟ ਵਿਚ ਆ ਸਕਦੇ ਹਨ। ਜੇਕਰ ਰਾਵੀ ਦਰਿਆ ਤੋਂ ਪਾਰਲੇ ਪਾਸੇ ਜਾਂ ਫਿਰ ਆਰਲੇ ਪਾਸੇ ਦੇ ਹੜ੍ਹ ਨਾਲ ਪ੍ਰਭਾਵਿਤ ਇਲਾਕਿਆ ਦੀ ਗੱਲ ਕੀਤੀ ਜਾਵੇ ਤਾਂ ਜਿਨ੍ਹਾਂ ਲੋਕਾਂ ਦੇ ਘਰ ਪਾਣੀ ਦੀ ਮਾਰ ਹੇਠਾਂ ਆਉਣ ਕਾਰਨ ਬਰਬਾਦ ਹੋ ਗਏ ਸਨ ਉਨ੍ਹਾਂ ਲੋਕਾਂ ਦੇ ਘਰ ਬਣਾਉਣ ਦੀ ਜ਼ਿੰਮੇਵਾਰੀ ਵੱਖ-ਵੱਖ ਸਮਾਜ ਸੇਵਕ ਅਤੇ ਧਾਰਮਿਕ ਜੱਥੇਬੰਦੀਆ ਨੇ ਲਈ ਹੋਈ ਹੈ ਪਰ ਅੱਜ ਕੱਲ ਲੋਕਾ ਨੂੰ ਤਰਪਾਲਾਂ ਹੇਠਾਂ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹੜ੍ਹ ਦੀ ਮਾਰ ਕਾਰਨ ਜਿੱਥੇ ਸਰਹੱਦੀ ਖੇਤਰ ਦੇ ਇਲਾਕੇ ਅੰਦਰ ਝੋਨੇ ਅਤੇ ਕਮਾਦ ਸਮੇਤ ਪਸ਼ੂਆ ਦੇ ਚਾਰੇ ਪੂਰੀ ਤਰ੍ਹਾਂ ਨਾਲ ਨਸ਼ਟ ਹੋ ਗਈਆਂ ਹਨ ਪਰ ਅੱਜ ਵੀ ਕਈ ਖੇਤਾਂ ਵਿਚੋ ਪਾਣੀ ਨਾ ਸੁੱਕਣ ਕਾਰਨ ਆਉਣ ਵਾਲੇ ਦਿਨਾਂ ਵਿਚ ਕਣਕ ਸਮੇਤ ਪਸ਼ੂਆ ਦੇ ਚਾਰੇ ਲਈ ਬਰਸੀਨ ਦੀ ਫਸਲ ਬੀਜਣ ਦੀ ਪ੍ਰੇਸ਼ਾਨੀ ਲੱਗੀ ਹੋਈ ਹੈ ਕਿਉਕਿ ਜੇਕਰ ਪਾਣੀ ਸੁੱਕਦਾ ਹੈ ਤਾਂ ਖਰਾਬ ਝੋਨੇ ਅਤੇ ਕਮਾਦ ਦੀ ਫਸਲ ਦੇ ਰਹਿੰਦ-ਖੂੰਹਦ ਨੂੰ ਬਹਾਰ ਕੱਢਿਆ ਜਾ ਸਕੇ। ਪਰ ਪਾਣੀ ਹੀ ਨਹੀ ਸੁੱਕ ਰਿਹਾ ਹੈ ਦੂਜੇ ਪਾਸੇ ਕੁਝ ਖੇਤਾਂ ਅੰਦਰ 1-2 ਫੁੱਟ ਰੇਤਾਂ ਪੈਣ ਕਾਰਨ ਵੀ ਜ਼ਮੀਨ ਦੀ ਸਥਿਤੀ ਖਰਾਬ ਹੋਈ ਪਈ ਹੈ ਪਰ ਕਿਸਾਨਾਂ ਨੂੰ ਇਸ ਦੇ ਹੱਲ ਦਾ ਕੋਈ ਚਾਰਾ ਨਹੀ ਲੱਗ ਰਿਹਾ ਹੈ।

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗ੍ਰਹਿ ਮੰਤਰੀ ਨਾਲ 25 ਮਿੰਟ ਮੁਲਾਕਾਤ



**ਨਵੀਂ ਦਿੱਲੀ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਲਗਭਗ 25 ਮਿੰਟ ਚੱਲੀ। ਇਸ ਤੋਂ ਬਾਅਦ, ਮੁੱਖ ਮੰਤਰੀ ਉੱਭਰੇ ਅਤੇ ਇੱਕ ਪ੍ਰੈਸ ਕਾਨਫਰੰਸ ਕੀਤੀ। ਮੁੱਖ ਮੰਤਰੀ ਨੇ ਕਿਹਾ, "ਮੈਂ ਗ੍ਰਹਿ ਮੰਤਰੀ ਨੂੰ ਦੱਸਿਆ ਕਿ 1600 ਕਰੋੜ ਰੁਪਏ ਊਠ ਦੇ ਮੂੰਹ ਵਿੱਚ ਜ਼ੀਰੇ ਦੇ ਬਰਾਬਰ ਹੈ।" ਸ਼ਾਹ ਨੇ ਜਵਾਬ ਦਿੱਤਾ, "ਇਹ ਸਿਰਫ਼ ਟੋਕਨ ਪੈਸਾ ਸੀ। ਗ੍ਰਹਿ ਮੰਤਰੀ ਨੇ ਸਾਨੂੰ ਪੰਜਾਬ ਨੂੰ ਹੋਰ ਸਹਾਇਤਾ ਦਾ ਭਰੋਸਾ ਦਿੱਤਾ ਹੈ।" ਹਾਲਾਂਕਿ, ਇਸ ਤੋਂ ਪਹਿਲਾਂ, ਮੁੱਖ ਮੰਤਰੀ ਮਾਨ ਵਾਰ-ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਲਈ ਸਮਾਂ ਮੰਗ ਰਹੇ ਸਨ। ਹਾਲਾਂਕਿ, ਪ੍ਰਧਾਨ ਮੰਤਰੀ ਦਫ਼ਤਰ (ਪੀਐਮਓ) ਨੇ ਉਨ੍ਹਾਂ ਨੂੰ ਸਮਾਂ ਨਹੀਂ ਦਿੱਤਾ। ਹੜ੍ਹਾਂ ਲਈ ਬੁਲਾਏ ਗਏ ਵਿਸ਼ੇਸ਼ ਸੈਸ਼ਨ ਵਿੱਚ ਪੀਐਮਓ ਦੀ ਨਿੰਦਾ ਦਾ ਮਤਾ ਵੀ ਪਾਸ ਕੀਤਾ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅਮਿਤ ਸ਼ਾਹ ਨਾਲ ਮੁਲਾਕਾਤ ਚੰਗੇ ਮਾਹੌਲ ਵਿੱਚ ਹੋਈ। ਮੈਂ ਉਨ੍ਹਾਂ ਨੂੰ ਸਭ ਕੁਝ ਦੱਸਿਆ। 2,300 ਪਿੰਡ ਡੁੱਬ ਗਏ। 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ। 8,500 ਕਿਲੋਮੀਟਰ ਸੜਕਾਂ ਮਲਬੇ ਵਿੱਚ ਬਦਲ ਗਈਆਂ। ਛੋਟੇ ਬੱਚਿਆਂ ਦੇ ਸਿਲੇਬਸ ਦੀਆਂ ਕਿਤਾਬਾਂ ਵੀ ਰੁੜ੍ਹ ਗਈਆਂ। ਸਾਨੂੰ ਉਨ੍ਹਾਂ ਦਾ ਸਮੈਸਟਰ ਮੁਲਤਵੀ ਕਰਨਾ ਪਿਆ। ਮਾਨ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਸਾਡੀ ਗੱਲ ਸੁਣੀ ਅਤੇ ਪੰਜਾਬ ਨੂੰ ਹੋਰ ਮਦਦ ਦਾ ਭਰੋਸਾ ਦਿੱਤਾ। ਪਰ ਆਪਣਾ ਪੱਖ ਪੇਸ਼ ਕਰਨਾ ਮੇਰੀ ਜ਼ਿੰਮੇਵਾਰੀ ਹੈ। ਹੁਣ ਤੱਕ ਦਾ ਨੁਕਸਾਨ ?13,800 ਕਰੋੜ ਹੈ ਤੇ ਇਹ ਵਧ ਕੇ 20,000 ਕਰੋੜ ਤੱਕ ਪਹੁੰਚ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਹਰ ਸੰਕਟ ਵਿੱਚ ਦੇਸ਼ ਦੇ ਨਾਲ ਖੜ੍ਹਾ ਰਿਹਾ ਹੈ। ਹੁਣ ਦੇਸ਼ ਨੂੰ ਪੰਜਾਬ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ। ਪੰਜਾਬ ਅਤੇ ਕੇਂਦਰ ਵਿਚਕਾਰ ਕੋਈ ਕ੍ਰੈਡਿਟ ਵਾਰ ਨਹੀਂ ਹੈ। ਮੈਂ ਗ੍ਰਹਿ ਮੰਤਰੀ ਨੂੰ ਕਿਹਾ ਕਿ 1,600 ਕਰੋੜ ਊਠ ਦੇ ਮੂੰਹ ਵਿੱਚ ਜ਼ੀਰੇ ਦੇ ਬਰਾਬਰ ਹੈ। ਇਸ ਉੱਤੇ ਮੰਤਰੀ ਨੇ ਕਿਹਾ ਕਿ ਇਹ ਟੋਕਨ ਮਨੀ ਹੈ, ਅਤੇ ਹੋਰ ਪੈਸੇ ਦਿੱਤੇ ਜਾਣਗੇ।

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ
# ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

## 1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ | WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ – 20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ
ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

# ਸਾਂਝਾ ਪੰਜਾਬ

## VEG & NON-VEG INDIAN

WE CATER FOR ★★★★★









SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk

email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਿਨ ਐਤਵਾਰ 19 ਅਕਤੂਬਰ 2025

**ਸ਼ਹੀਦੀ ਦਿਹਾੜਾ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ**

ਨਗਰ ਕੀਰਤਨ ਦੀ ਆਰੰਭਤਾ ਸਮਾਂ 12:00 ਤੋਂ ਸ਼ਾਮ 5 ਵਜੇ ਪਿੰਡ ਕਾਜ਼ਲਮੋਰਾਨੋ ਵਿਚ ਹੀ ਸਮਾਪਤੀ ਹੋਵੇਗੀ।

**ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।**

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:00 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਯੂ ਕੇ ਵਾਲੇ, ਕਥਾ ਵਾਚਕ, ਕਵੀਸ਼ਰੀ ਜਥਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ



ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ



ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ (ਕੈਨੇਡਾ)



ਸ਼ਹੀਦ ਭਾਈ ਅਵਤਾਰ ਸਿੰਘ ਖੰਡਾ (ਇੰਗਲੈਂਡ)



ਜਲਾਵਤਨੀ ਸਵ. ਭਾਈ ਗਜਿੰਦਰ ਸਿੰਘ ਦਲ ਖਾਲਸਾ

ਸ਼ਹੀਦ ਭਾਈ ਜੱਥੇਦਾਰ ਤਲਵਿੰਦਰ ਸਿੰਘ ਬੱਬਰ, ਭਾਈ ਗਜਿੰਦਰ ਸਿੰਘ ਦਲ ਖ਼ਾਲਸਾ, ਹਰਦੀਪ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ , ਭਾਈ ਹਰਬੰਸ ਸਿੰਘ ਜੋਸ਼ ਜੀ ਅਤੇ ਸਮੂਹ ਕੌਮੀ ਯੋਧਿਆਂ ਅਤੇ ਸ਼ਹੀਦਾਂ ਦੀ ਯਾਦ ਨੂੰ ਸਮੱਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਹੋਵੇਗਾ।

## 5 ਅਕਤੂਬਰ ਨੂੰ

ਦੁਪਿਹਰ ਇਕ ਵਜੇ ਤੋਂ 3 ਵਜੇ ਤੱਕ ਪੰਥ ਦੇ ਮਹਾਨ ਰਾਗੀ ਤੇ ਢਾਡੀ ਜੱਥਿਆਂ, ਢਾਡੀ ਜਥਾ ਜੱਥੇਦਾਰ ਹਰਮੇਲ ਸਿੰਘ ਦਿਲਬਰ, ਭਾਈ ਗੁਰਬਚਨ ਸਿੰਘ ਅਣਖੀ, ਭਾਈ ਇਕਬਾਲ ਸਿੰਘ ਜੀ ਦੇ ਜੱਥੇ ਵੱਲੋਂ ਆਪ ਜੀ ਨੂੰ ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਜਾਵੇਗਾ।

**ਪੰਥਕ ਬੁਲਾਰੇ ਆਪ ਜੀ ਨੂੰ ਮਹਾਨ ਸ਼ਹੀਦਾਂ ਦੀ ਜੀਵਨੀ ਤੋਂ ਜਾਣੂ ਕਰਵਾਉਣਗੇ।**



ਸਵ. ਭਾਈ ਹਰਬੰਸ ਸਿੰਘ ਜੋਸ਼ ਢਾਡੀ

**ਜੱਥੇਦਾਰ ਹਰਮੇਲ ਸਿੰਘ ਦਿਲਬਰ ਅਤੇ ਦਲ ਖ਼ਾਲਸਾ ਵੱਲੋਂ ਬੇਨਤੀ ਹੈ ਕਿ ਪਰਿਵਾਰ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜਰੂਰ ਪਹੁੰਚੋ ਜੀ।**

--✶ ਜਾਰੀ ਕਰਤਾ ✶--

## ਭਾਈ ਹਰਮੇਲ ਸਿੰਘ ਦਿਲਬਰ

## ਇੰਗਲੈਂਡ

ਆਵਾਜ਼ਿ ਕੌਮ AWAZE QAUM International Newspaper & WEB TV



ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿੱਚ

ਮਹਾਨ ਗੁਰਪੁਰਬ ਸਮਾਗਮ

ਮਿਤੀ 10 ਅਕਤੂਬਰ 2025 ਨੂੰ ਸਵੇਰੇ 9 ਤੋਂ ਦੁਪਹਿਰ 1 ਵਜੇ ਤੱਕ

ਸਥਾਨ: ਗੁਰਦੁਆਰਾ ਸਾਹਿਬ ਪਿੰਡ ਕੱਖਾਂਵਾਲੀ ਹਲਕਾ ਲੰਬੀ
(ਸ੍ਰੀ ਮੁਕਤਸਰ ਸਾਹਿਬ)

ਬੱਚਿਆਂ ਦਾ
ਇਨਾਮ ਵੰਡ ਸਮਾਗਮ
ਅਤੇ
ਮੈਡੀਕਲ ਚੈੱਕਅੱਪ ਕੈਂਪ
ਵੀ ਲਗਾਇਆ ਜਾਵੇਗਾ

ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ

ਪੰਥ ਪ੍ਰਸਿੱਧ ਸਿੱਖ ਪ੍ਰਚਾਰਕ

ਜਥੇਦਾਰ ਬਲਜੀਤ ਸਿੰਘ ਦਾਦੂਵਾਲ

ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ



ਬਾਬਾ ਸਰਬਜੀਤ ਸਿੰਘ ਜੀ ਛਾਪਿਆਂਵਾਲੀ ਵਾਲੇ
ਮਿਤੀ 8 ਅਕਤੂਬਰ ਨੂੰ ਸਵੇਰੇ 8 ਤੋਂ 10 ਵਜੇ ਤੱਕ ਕੀਰਤਨ ਦੀਵਾਨ ਸਜਾਉਣਗੇ

ਪੰਥ ਪ੍ਰਸਿੱਧ ਕੀਰਤਨੀ ਜੱਥਾ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ,
ਕਵੀਸ਼ਰੀ ਜੱਥਾ ਮਾਸਟਰ ਹਰਦੇਵ ਸਿੰਘ ਜੀ ਲਾਲਬਾਈ ਸੰਗਤਾਂ ਨੂੰ ਮਿਤੀ 10 ਅਕਤੂਬਰ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ

ਨੋਟ:
ਗੁਰੂ ਦਾ ਲੰਗਰ
ਅਟੁੱਟ ਵਰਤੇਗਾ

ਬੇਨਤੀ ਕਰਤਾ - ਸਮੂੰਹ ਨਗਰ ਨਿਵਾਸੀ ਪਿੰਡ ਕੱਖਾਂਵਾਲੀ । 95019-81192


# ਬੀਬੀ ਸਤਵੰਤ ਕੌਰ ਜੀ ਵਲੋਂ ਜੋਦੜੀ ਪੰਥਕ ਕੌਂਸਲ ਜਲਦੀ ਹੀ ਕਾਰਜਸ਼ੀਲ ਹੋਵੇਗੀ :- ਬੀਬੀ ਸਤਵੰਤ ਕੌਰ

**ਸ਼੍ਰੋਮਣੀ** ਅਕਾਲੀ ਦਲ ਦੇ ਡੈਲੀਗੇਟ ਇਜਲਾਸ ਦੌਰਾਨ ਬਣੀ ਪੰਥਕ ਕੌਂਸਲ ਦੇ ਪ੍ਰਵਾਨ ਕੀਤੇ ਗਏ ਚੇਅਰਪਰਸਨ ਬੀਬੀ ਸਤਵੰਤ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਥ ਦੀਆਂ ਭਾਵਨਾਵਾਂ ਅਨੁਸਾਰ ਪੰਥਕ ਕੌਂਸਲ ਨੂੰ ਬਹੁਤ ਜਲਦ ਹੀ ਕਾਰਜਸ਼ੀਲ ਕੀਤਾ ਜਾਵੇਗਾ। ਪੰਥਕ ਕੌਂਸਲ ਦਾ ਪ੍ਰਮੁੱਖ ਮਕਸਦ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਤਾਬਿਆ ਵਿੱਚ ਪੰਥ ਪ੍ਰਤੀ ਸੁਹਿਰਦ ਰਾਜਸੀ, ਸਮਾਜਿਕ ਅਤੇ ਧਾਰਮਿਕ ਧਿਰਾਂ ਨੂੰ ਮਿਲ ਬੈਠ ਕੇ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸਾਂਝਾ ਉਪਰਾਲਾ ਕਰਨ ਦੀ ਜੋਦੜੀ ਕਰਨਾ ਹੈ। ਬੀਬੀ ਜੀ ਨੇ ਕਿਹਾ ਕਿ ਸਮੁੱਚੀਆਂ ਪੰਥਕ ਰਾਜਸੀ ਧਿਰਾਂ, ਧਾਰਮਿਕ ਸੰਸਥਾਵਾਂ, ਸੰਪਰਦਾਵਾਂ ਅਤੇ ਹੋਰ ਪੰਥਕ ਸਫ਼ਾ ਵਿੱਚ ਪੰਥ ਅਤੇ ਪੰਜਾਬ ਦੇ ਵਡੇਰੇ ਹਿਤਾਂ ਲਈ ਕੰਮ ਕਰ ਰਹੇ ਬੁੱਧੀਜੀਵੀ, ਸੰਤ ਮਹਾਂਪੁਰਸ਼ਾਂ ਨੂੰ ਵੀ ਅਪੀਲ ਕਰਦੀ ਹਾਂ ਕਿ ਪੰਜਾਬ ਦੀ ਰਾਜਨੀਤੀ ਅਤੇ ਖ਼ਾਸ ਤੌਰ ਤੇ ਸਿੱਖ ਰਾਜਨੀਤੀ ਜੋ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੀ ਹੈ ਅਤੇ ਸਿੱਖ ਸ਼ਕਤੀ ਐਨੀਆਂ ਧਿਰਾਂ ਵਿੱਚ ਵੰਡੀ ਜਾ ਚੁੱਕੀ ਹੈ ਕਿ ਇਸ ਹਾਲਤ ਵਿੱਚ ਕਿਸੇ ਵੀ ਧਿਰ ਵਿੱਚ ਰਾਜਸੀ ਤੌਰ ਤੇ ਪੰਥ ਅਤੇ ਪੰਜਾਬ ਦੀ ਪੰਥ ਪ੍ਰਵਾਨਿਤ ਰਹਿਨੁਮਾਈ ਕਰ ਕੇ ਇੱਕ ਰਾਜਸੀ ਪੰਥ ਪ੍ਰਵਾਨਿਤ ਸ਼ਕਤੀ ਦੇਣ ਦਾ ਮਨੋਰਥ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਪੰਥਕ ਕੌਂਸਲ ਦੀ ਸਥਾਪਨਾ ਪੰਥ ਅਤੇ ਪੰਜਾਬ ਦੇ ਵਡੇਰੇ ਹਿਤਾਂ ਦੀ ਰਾਖੀ ਅਤੇ ਪੰਥ ਦੇ ਹਿਤਾਂ ਦੀ ਪਹਿਰੇਦਾਰੀ ਲਈ ਕੀਤੀ ਗਈ ਸੀ ਇਸ ਲਈ ਮੈ ਵੱਖ ਵੱਖ ਧਿਰਾਂ ਦੇ ਰੂਪ ਵਿੱਚ ਕੰਮ ਕਰ ਰਹੀਆਂ ਰਾਜਸੀ ਅਤੇ ਧਾਰਮਿਕ ਸੰਸਥਾਵਾਂ ਨੂੰ ਅਪੀਲ ਕਰਦੀ ਹਾਂ ਕਿ ਪੰਥ ਦੇ ਵਡੇਰੇ ਹਿਤਾਂ ਲਈ ਪੰਥ ਅਤੇ ਪੰਜਾਬ ਦੀ ਰਾਜਸੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਨਿੱਜੀ ਹਿਤਾਂ ਅਤੇ ਲਾਲਸਾਵਾਂ ਨੂੰ ਤਿਆਗ ਕੇ ਸਾਰੀਆਂ ਧਿਰਾਂ ਇੱਕ ਝੰਡੇ ਹੇਠ ਇਕੱਠੀਆਂ ਹੋਣ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋ 2 ਦਸੰਬਰ ਨੂੰ ਸੁਣਾਏ ਗਏ ਹੁਕਮਨਾਮਾ ਸਾਹਿਬ ਦੀ ਭਾਵਨਾ ਅਨੁਸਾਰ ਪੰਥਕ ਏਕਤਾ ਕਰ ਕੇ ਇੱਕ ਮਜ਼ਬੂਤ ਪੰਥ ਅਤੇ ਪੰਜਾਬ ਪ੍ਰਸਤ ਰਾਜਸੀ ਪਲੇਟਫ਼ਾਰਮ ਸਿਰਜਿਆਂ ਜਾ ਸਕੇ ।

ਆਵਾਜ਼ਿ ਕੌਮ AWAZE QAUM International Newspaper & WEB TV



ਦਰਅਸਲ ਕੇਂਦਰ ਅਤੇ ਕੇਂਦਰ ਦੀਆਂ ਨੀਤੀਆਂ ਅਧਾਰਿਤ ਚੱਲ ਰਹੀਆਂ ਸੂਬੇ ਦੀਆਂ ਰਾਜਸੀ ਧਿਰਾਂ ਪੰਜਾਬ ਨੂੰ ਘਸਿਆਰਾ ਬਣਾਉਣ ਦੇ ਰਾਹ ਤੁਰੀਆਂ ਹੋਈਆਂ ਹਨ ਅਤੇ ਇਸ ਪ੍ਰਤੀ ਇਕਜੁੱਟਤਾ ਦਾ ਸਬੂਤ ਦੇਣਾ ਕਿਸੇ ਇੱਕ ਨਹੀਂ ਬਲਕਿ ਪੰਜਾਬ ਦੀਆਂ ਸਮੂਹ ਪੰਥਕ ਧਿਰਾਂ ਦੀ ਇਖਲਾਕੀ ਜਿੰਮੇਵਾਰੀ ਹੈ ਅਤੇ ਇਸ ਇਕਜੁੱਟਤਾ ਦਾ ਸੂਤਰਧਾਰ ਬਣਨ ਲਈ ਪੰਥਕ ਕੌਂਸਲ ਦ੍ਰਿੜ ਅਤੇ ਵਚਨਬੱਧ ਹੈ। ਪੰਥ ਦੀ ਨਿਆਰੀ ਅਤੇ ਵਿਲੱਖਣ ਹੋਂਦ ਉੱਪਰ ਜਿਸ ਤਰ੍ਹਾਂ ਦੇ ਬੌਧਿਕ ਹਮਲੇ ਹੋ ਰਹੇ ਹਨ ਅਤੇ ਜਿਸ ਤਰ੍ਹਾਂ ਨਾਲ ਮੌਜੂਦਾ ਹਕੂਮਤ ਅਤੇ ਉਸ ਦੇ ਪੁਲਿਸ ਪ੍ਰਸ਼ਾਸਨ ਤੰਤਰ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਇਸ ਦੇ ਮੱਦੇ ਨਜ਼ਰ ਪੰਥ ਦਾ ਇੱਕਮੁੱਠ ਹੋਣਾ ਜ਼ਰੂਰੀ ਹੈ।

ਬਤੌਰ ਪੰਥਕ ਕੌਂਸਲ ਦੀ ਚੇਅਰਪਰਸਨ ਅਤੇ ਪੰਥ ਦੀ ਨਿਮਾਣੀ ਧੀ ਵਜੋਂ ਮੈਂ ਉਮੀਦ ਕਰਦੀ ਹਾਂ ਕਿ ਸਾਰੀਆਂ ਪੰਥਕ ਧਿਰਾਂ ਪੰਥ ਦੇ ਵਡੇਰੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਹਾਂ-ਪੱਖੀ ਹੁੰਗਾਰਾ ਭਰਨਗੀਆਂ ।

ਪੰਥ ਅਤੇ ਪੰਜਾਬ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਚਿੰਤਨ ਕਰਨ ਵਾਲੀਆਂ ਸਮੂਹ ਪੰਥਕ ਸੁਹਿਰਦ ਧਿਰਾਂ ਅਤੇ ਵਿਆਕਤੀਗਤ ਧਿਰਾਂ ਪੰਥਕ ਕੌਂਸਲ ਨੂੰ ਦਿੱਤੀ ਹੋਈ ਈ-ਮੇਲ ਉੱਪਰ ਆਪਣੇ ਸੁਝਾਅ ਅਤੇ ਹਿਦਾਇਤਾਂ ਭੇਜ ਸਕਦੇ ਹਨ,

**panthikcounsel@gmail.com**

# "ਤੀਨ-ਮੂਰਤੀ ਜਾਂ ਪੰਥ ਵਿਰੋਧੀ"



ਇਹ ਤਿੰਨ ਲੱਗਦੇ ਗੁਰ ਸਿੱਖ ਸੱਜਣਾਂ ਨੇ , 23 ਸਤੰਬਰ ਦੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸਵੇਰੇ ਤਿੰਨ ਵਜੇ ਹੋਈ ਸੱਤ ਸਰੂਪਾਂ ਦੀ ਚੋਰੀ ਦੇ ਮਾਮਲੇ ਨੂੰ ਬੜਾ ਹਲਕਾ ਜਿਹਾ ਦੱਸ ਕੇ , ਇਹ ਵੀ ਦੁਹਰਾ ਦਿੱਤਾ ਕਿ ਅੱਗੇ ਤੋਂ ਫਿਰ ਸਰੂਪ ਉੱਸੇ ਹੀ ਬੰਦੇ ਕੋਲ ਭੇਜੇ ਜਾਣਗੇ । ਜਿਸ ਪੰਥ ਤੋਂ ਛੇਕੇ ਹੋਏ ਬੰਦੇ ਨੇ ਹੀ ਇਸ ਬੇਅਦਬੀ ਤੇ ਚੋਰੀ ਨੂੰ ਅੰਜਾਮ ਦਿੱਤਾ ਹੈ ।ਗੁਰੂ ਸਿਧਾਂਤ ਤੇ ਖ਼ਾਲਸਾ ਪੰਥ ਲਈ ਇਤਿਹਾਸਕ ਹੁਕਮਾਂ ਆਧਾਰ, ਮੈਂ ਨਿਰਸੰਦੇਹ ਇਹਨਾਂ ਤਿੰਨਾਂ ਦੇ ਕਹੇ ਕਥਨ ਨੂੰ "ਧੀਰ ਮੱਲੀਆਂ" ਜਿਹੇ ਕਥਨ ਨਾਲ ਬਰਾਬਰ ਤੁਲਨਾ ਕਰਦਾ ਹਾਂ । ਕਿਉਂਕਿ ਜੋ ਗੁਰੂ ਇਤਿਹਾਸ ਦੀ ਕਹਿਣੀ ਤੇ ਸਿੱਖ ਲਈ ਹੁਕਮ ਹੈ ਕਿ –" ਖ਼ਾਲਸਾ ਪੰਥ ਵਿੱਚੋਂ "ਛੇਕੇ " ਹੋਏ ਬੰਦੇ ਨਾਲ ਕੋਈ ਵੀ ਸਿੱਖ ਕਿਸੇ ਤਰਾਂ ਦਾ ਦੁਨਿਆਵੀ ਮੇਲ ਮਿਲਾਪ ਅਤੇ "ਰੋਟੀ –ਬੇਟੀ" ਦੀ ਸਾਂਝ ਨਹੀਂ ਰੱਖ ਸਕਦਾ । ਜੋ ਰੱਖੇਗਾ , ਉਹ ਤਨਖਾਈਆ ਤੇ ਕੁਰਿਹਿਤੀਆ ਗਿਣਿਆ ਜਾਵੇਗਾ । ਇਹਨਾਂ ਨੂੰ ਜਾਂ ਤਾਂ ਸਿਖ ਇਤਿਹਾਸ, ਰਹਿਤ ਮਰਿਆਦਾ ਤੇ ਅਕਾਲ ਤਖ਼ਤ ਦੀ ਸਰਵ ਉੱਚਤਾ ਬਾਰੇ ਕੋਈ ਵਾਕਫੀ ਨਹੀਂ ਹੈ । ਜਾਂ ਫਿਰ ਕਿਸੇ ਦੁਨਿਆਵੀ ਲਾਲਚ ਬਦਲੇ , "ਛੇਕੇ" ਤਨਖਾਈਆਂ ਨਾਲ ਨਾਤਾ ਰੱਖ ਕੇ , ਖ਼ੁਦ ਹੀ ਕਲੰਕਤ ਹੋਣ ਵਿੱਚ ਖ਼ੁਸ਼ ਹਨ ।ਅਜਿਹਾ ਕਲੰਕ ਸਿੱਖ ਕੌਮ ਦੀ ਹੋਂਦ , ਅਗਲੀ ਪੀੜੀ , ਲਈ ਬਹੁਤ ਖ਼ਤਰਨਾਕ ਹੈ । ਜੇ ਇਹਨਾਂ ਦੀ ਦਿਲੀ ਇੱਛਾ , ਪੰਥ ਵਿਰੁੱਧ ਨਾਤੇ ਪੁਗਾਉਣ ਤੇ ਕਲੰਕਤ ਹੋਣ ਦੀ ਹੈ ?ਤਦ ਇਹਨਾਂ ਲਈ ਸਿੰਘ ਸਭਾ ਦਾ ਪ੍ਰਬੰਧ ਤਾ ਕੀ , ਸਮੁੱਚੇ ਪੰਥ ਦੇ ਵਿਹੜੇ ਵਿਚੋਂ ਲਾਂਭੇ ਹੋ ਕੇ ਕਿਨਾਰਾ ਕਰ ਜਾਣਾ ਚਾਹੀਦਾ ਹੈ । ਪੰਥਕ ਖੇਤਰ ਵਿੱਚ ਅਜਿਹੇ ਪੰਥ ਵਿਰੋਧੀਆਂ ਲਈ ਕੋਈ ਜਗਾ ਨਹੀਂ ਹੈ ।ਅਜਿਹੇ ਵਿਚਾਰਾਂ ਵਾਲੇ ਲੋਕ ਸਿੱਖਾਂ ਦੇ ਕਿੰਸੇ ਵੀ ਪ੍ਰਬੰਧ ਦੇ ਲਾਇਕ ਨਹੀਂ ਹਨ ।"ਛੇਕੇ" ਬੰਦੇ ਨਾਲ ਨਾਤਾ ਰੱਖਣ ਵਾਲੇ ਲਈ , ਖ਼ਾਲਸਾ ਪੰਥ ਦਾ ਇਹੀ ਅਸੂਲ ਹੈ । ਅਜਿਹੇ ਲੋਕ ਪੰਥ ਵਿਰੋਧੀ ਭਾਵਨਾਵਾਂ ਦੀ ਇੱਛਾ ਨਾਲ ਸਮੁੱਚੀ ਕੌਮ ਦੀ ਬਣਤਰ ਤੇ ਵਿਚਰਨ ਵਿੱਚ ਕੰਢਿਆਂ ਦਾ ਰੂਪ ਹੁੰਦੇ ਹਨ । ਜੋ ਕੌਮੀ ਤੌਰ ਪੰਥ ਵਿਰੋਧੀ ਹੋ ਕੇ ਹਮੇਸ਼ਾ ਕੌਮ ਦਾ ਨੁਕਸਾਨ ਕਰਦੇ ਹਨ । "ਧੀਰ ਮੱਲੀਆਂ" ਦੇ ਥੋਖੇ , ਗੁਰੂਆਂ ਦੀਆਂ ਜਿੰਦਗੀਆਂ ਤੇ ਕਾਤਲਾਨਾ ਹਮਲੇ , "ਧੀਰ ਮੱਲੀਆਂ" ਵੱਲੋਂ ਹੀ ਗੁਰੂਆਂ ਦੇ ਬਰਾਬਰ ਗਦੀਆਂ ਲਾਉਣੀਆ , ਹੀ ਵਿਰੋਧੀ ਕਰਦਾਰ ਰਿਹਾ ਹੈ । ਯੂ ਕੇ ਦੇ ਕੋਈ 70–75 ਸਾਲ ਦੇ ਸਿਖ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਕਿ ਗੁਰੂ ਦੀ ਬੇਅਦਬੀ, ਸਰੂਪਾਂ ਦੀ ਚੋਰੀ , ਪੰਥ ਵਿਰੋਧੀਆਂ ਨੇ ਅਜਿਹੇ ਘਿਣਾਉਣੇ ਅਪਰਾਧ ਨੂੰ ਜਨਮ ਦਿੱਤਾ ਹੈ । ਪੰਥਕ ਰਿਵਾਇਤੀਂ ਅਨੁਸਾਰ ਇਸ ਦੀ ਰੋਕ ਥਾਮ ਅਵੱਸ਼ ਜ਼ਰੂਰੀ ਹੈ । ਭਾਵੇਂ ਕਿਤਨੇ ਭੀ ਭਿਆਨਕ ਸਿੱਟਿਆਂ ਦਾ ਸਾਹਮਣਾ ਕਰਨਾ ਪਵੇ । ਕਿਸੇ ਵੀ ਸਿਖ ਇਤਿਹਾਸ ਦੇ ਅੰਕੜੇ ਮੁਕਾਬਕ ਇਹਨਾ ਤਿੰਨਾਂ ਦਾ ਹਰ ਕਿਹਾ ਸ਼ਬਦ ਸਿੰਖਾਂ ਲਈ ਧੋਖਾ ਹੈ । ਸਿੰਘ ਸਭਾ ਦੇ ਕਿਸੇ ਵੀ ਪ੍ਰਬੰਧਕ ਢਾਂਚੇ ਨੂੰ ਅਸੀਂ ਚੇਤਾਵਨੀ ਦਿੰਦੇ ਹਾਂ ਕਿ ਕਿਸੇ ਵੀ ਪੰਥ ਵਿੱਚੋਂ "ਛੇਕੇ" "ਤਨਖਾਹੀਏ ਬੰਦੇ ਕੋਲ ਗੁਰੂ ਸਰੂਪ ਨਹੀਂ ਜਾਣ ਦਿੱਤਾ ਜਾਵੇਗਾ ।23 ਸਤੰਬਰ ਦੀ ਘਟਨਾ ਵੀ ਬੇਅਦਬੀਆਂ ਤੋ ਇਲਾਵਾ ਚੋਰੀ ਤੇ ਸਕਿਉਰਿਟੀ ਵਾਲੇ ਸਿੱਖ ਦੀ ਕੁੱਟਮਾਰ ਤੇ ਆਧਾਰਤ ਪੁਲੀਸ ਕੇਸ ਹੈ । ਸਟੇਜ ਸੈਕਟਰੀ ਤੇ ਮਾਮਲੇ ਦੇ ਇਨਚਾਰਜ ਹਰਜੀਤ ਸਿੰਘ ਨੇ ਪੁਲੀਸ ਸੱਦਣ ਤੇ ਜੋ ਰੋਕ ਲਾਈ ਹੈ , ਉਸ ਨੇ ਕਾਨੂੰਨ ਦੇ ਰਾਹ ਵਿੱਚ ਟੰਗ ਅੜਾਈ ਹੈ । ਜੋ ਕਿ ਬ੍ਰਿਟਿਸ਼ਸ਼ ਕਾਨੂੰਨ ਅਨੁਸਾਰ, ਕਾਨੂੰਨ ਵਿਰੋਧੀ (Contept of Law) ਹੈ । ਕਾਨੂੰਨ ਦੇ ਰਾਹ ਵਿੱਚ ਟੰਗ ਡਾਹੁਣੀ ਵੀ ਘੋਰ ਅਪਰਾਧ ਹੈ । ਇਸ ਅਪਰਾਧ ਦੀ ਪੜਤਾਲ ਖ਼ੁਦ ਪੁਲੀਸ ਕਰੇਗੀ ਤੇ ਸਬੰਧਤ ਧਿਰਾਂ ਤੇ ਕਾਰਵਾਈ ਕਰਵਾਈ ਜਾਵੇਗੀ । ਸਭਾ ਦਾ ਸਕੱਤਰ ਜਿਸ ਰੂਪ ਵਿੱਚ "ਧੀਰ ਮੱਲੀਆਂ " ਦੇ ਰੂਪਾਂਤਰਣ ਇਤਿਹਾਸ ਨੂੰ ਦੇਖਦਾ ਤੇ ਰਲਵੇਂ ਰੂਪ ਵਿੱਚ ਸਥਿਤ ਹੈ , ਇਹ ਖ਼ੁਦ ਵੀ ਗੁਰੂ ਬੇਅਦਬੀਆਂ ਵਿੱਚ ਕਿਉ ਹਿੱਸੇਦਾਰ ਹੈ ? ਇਸੇ ਮੌਜੂਦਾ ਪ੍ਰਬੰਧ ਵਿੱਚ ਕੋਈ ਦੋ ਕੁ ਡਾਕਟਰ, ਕੁਝ ਦਾਅਵੇਦਾਰ ਬੁਧੀਜੀਵ ਅਖਵਾਉਦੇ , ਕੀ ਤੇ ਕਿਉਂ ਅੱਖਾਂ ਬੰਦ ਕਰਕੇ ਆਪਣੀ ਅਗਿਆਨਤਾ ਦਾ ਸਬੂਤ ਦੇ ਰਹੇ ਹਨ ?। ਕਈ ਵਾਰੀ ਲਾਹਨਤ ਦਾ ਹਿਰਖ ਅਨੁਭਵ ਹੁੰਦਾ ਹੈ ਕਿ ਅਜਿਹੇ ਲੋਕ ਪੰਜਾਬ ਵਿੱਚ ਹੁੰਦੀਆਂ ਬੇਅਦਬੀਆਂ ਤੇ ਕੀ ਢੌਂਗੀ ਬਣ ਕੇ ਹੀ "ਢਿੱਡ " ਪਿੱਟਦੇ ਹਨ ? ਉੱਥੇ ਦੋਖੀਆਂ ਨੂੰ ਸਜ਼ਾਵਾਂ ਮੰਗਦੇ ਹਨ । ਇਥੇ ਪੰਥ ਦੋਖੀਆਂ ਨੂੰ ਨਿੱਘ ਦੇ ਦੇ ਕੇ ਪਾਲ ਕਹੇ ਹਨ ? ਕਿਤਨਾ ਕਿਰਦਾਰ ਗਿਰ ਚੁੱਕਾ ਹੈ ? ਜੇਕਰ ਇਤਨਾ ਕਹੀ ਜਾਣ ਤੇ ਵੀ ਜੇ ਅਜਿਹੇ ਪ੍ਰਬੰਧ ਨੇ ਅਕਾਲ ਤਖ਼ਤ ਦੇ ਹੁਕਮ ਵਿਰੁੱਧ ਜਾ ਕੇ "ਛੇਕੇ" ਹੋਏ ਤਨਖਾਹੀਏ "ਧੀਰ–ਮੱਲੀਆਂ " ਨਾਲ ਨਾਤਾ ਰੱਖ ਕੇ ਬੇਅਦਬੀਆਂ ਤੇ ਚੋਰੀਆਂ ਦਾ ਰੁਝਾਨ ਪੈਦਾ ਕਰਨਾ ਹੈ ਤਾਂ ਇਸ ਮੁੱਦੇ ਤੇ ਮੋਰਚਾ ਬੰਦੀ ਜ਼ਰੂਰੀ ਹੈ । ਅਸੀਂ ਸਿੰਘ ਸਭਾ ਤੇ ਗੁਰੂ ਸਾਹਿਬਾਨ ਦੇ ਸਤਿਕਾਰ , ਮਾਣ ਮਰਿਆਦਾ ਨੂੰ ਕਾਇਮ ਰੱਖਣ ਲਈ ਯੂ ਕੇ ਭਰ ਦੇ ਸਿੱਖ ਪੰਥ ਨੂੰ ਇੱਕ ਲੜੀ ਵਿੱਚ ਇਕੱਤਰ ਕਰਾਂਗੇ । ਇਸ ਇਕੱਤਰਤਾ ਦਾ ਕੇਂਦਰ ਸਿੰਘ ਸਭਾ ਹੀ ਹੋਵੇਗਾ । ਕੋਈ ਸਮਾਂ ਸੀ ਸਾਡੇ ਪੁਰਖਿਆਂ ਨੇ ਨਨਕਾਣਾ ਸਾਹਿਬ ਤੋਂ "ਗੁਰਦੁਆਰਾ ਸੁਧਾਰ ਲਹਿਰ" ਦਾ ਰਾਹ ਪੱਧਰਾ ਕੀਤਾ ਸੀ । ਉਸ ਵੇਲੇ ਸੱਚੇ ਸੁੱਚੇ ਸਿੱਖ ਦਾ ਨਾਹਰਾ ਸੀ – "ਚੱਲ ਸਿੰਘਾ ਨਨਕਾਣੇ ਚੱਲੀਏ , ਅੱਣਖ ਪਈ ਲਲਕਾਰੇ, ਅਣਖ ਪਈ ਲਲਕਾਰੇ ਤੇ ਗੈਰਤ ਵਾਜਾਂ ਮਾਰੇ "ਅੱਜ ਸਿੰਘ ਸਭਾ ਵਿੱਚ ਪ੍ਰਬੰਧਕਾਂ ਦਾ ਉਪਰੋਕਤ "ਧੀਰ ਮੱਲੀਆਂ" ਰੂਪ ਦੇਖ ਕੇ ਸਾਨੂੰ ਇਸ ਖੇਤਰ ਵਿੱਚ ਨਿੱਤਰਨਾ ਪਵੇਗਾ । ਬੜੇ ਸਮੇਂ ਤੋ ਪੈਦਾ ਹੋ ਰਹੇ ਢੌਂਗ ਨੂੰ ਦੇਖਦਿਆਂ ਅਜਿਹੇ ਫੈਸਲੇ ਜ਼ਰੂਰੀ ਹਨ । ਅੱਜ ਸਿੰਘ ਸਭਾ ਵਿੱਚ ਅਜਿਹੇ ਹੀ ਵੱਡੇ ਇਤਿਹਾਸਕ ਸੁਧਾਰ ਦੀ ਲੋੜ ਹੈ । ਅੱਜ ਸੱਚੇ ਸੁੱਚੇ ਸਿੱਖਾਂ ਦਾ ਨਾਹਰਾ ਵੀ ਅਜਿਹੇ ਹੀ ਪੰਥਕ ਤੇ ਗੁਰੂ ਸਤਿਕਾਰ ਹਿਤ ਹੀ ਕੇਂਦਰਤ ਹੋਵੇਗਾ। ••

ਆਵਾਜ਼ਿ ਕੌਮ AWAZE QAUM International Newspaper & WEB TV



--✶ ਵੱਲੋਂ ✶--

**–ਪਰਮਿੰਦਰ ਸਿੰਘ ਬੱਲ, ਪ੍ਰਧਾਨ**

**ਸਿੱਖ ਫੈਡਰੇਸ਼ਨ, ਯੂ . ਕੇ .**

### ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਦੇ

# ਵਾਰਸ ਅਜੇ ਜਿਉਂਦੇ ਨੇ ਸੂਬਿਆ



**ਸਿੱਖ ਕੌਮ** ਨੂੰ ਤਾਂ ਹਾਲੇ ਪਹਿਲਾ ਸੂਬਾ ਸਰਹੰਦ ਵਜ਼ੀਦ ਖਾਂ ਨਹੀਂ ਸੀ ਭੁੱਲਿਆ ਕਿ ਦੂਜਾ ਸੂਬਾ ਸਰਹੰਦ ਜਿਸ ਦਾ ਅਸਲੀ ਨਾਮ ਸੂਬਾ ਸਿੰਘ ਸੀ, ਉਸ ਦੇ ਜ਼ੁਲਮ ਵੀ ਸਾਹਮਣੇ ਆ ਗਏ। ਏਸ ਸੂਬਾ ਸਰਹੰਦ ਥਾਣੇਦਾਰ ਦੀ 1990 ਦੇ ਦਹਾਕੇ ਵਿੱਚ ਮਾਝੇ ਦੇ ਇਲਾਕੇ ਵਿੱਚ ਤੂਤੀ ਬੋਲਦੀ ਹੁੰਦੀ ਸੀ। ਏਹ ਕਿਸੇ ਬਾਪ ਦੀ ਗੰਦੀ ਅਤੇ ਨਜ਼ਾਇਜ ਔਲਾਦ ਉਸ ਸਮੇਂ ਆਪਣੇ ਆਪ ਨੂੰ ਸੂਬਾ ਸਿੰਘ ਦੀ ਜਗ੍ਹਾ ਸੂਬਾ ਸਰਹੰਦ ਕਹਾਉਣ ਵਿੱਚ ਫ਼ਖਰ ਮਹਿਸੂਸ ਕਰਦੀ ਹੁੰਦੀ ਸੀ ਅਤੇ ਜਿਸ ਤਰ੍ਹਾਂ ਐਸ ਐਸ ਪੀ ਗੋਬਿੰਦ ਰਾਮ ਕਹਿੰਦਾ ਹੁੰਦਾ ਸੀ ਕਿ ਸਿੱਖੋ! ਹੁਣ ਤੁਸੀਂ ਗੋਬਿੰਦ ਸਿੰਘ ਗੁਰੂ ਨੂੰ ਭੁੱਲ ਜਾਵੋਗੇ ਅਤੇ ਗੋਬਿੰਦ ਰਾਮ ਨੂੰ ਹੀ ਯਾਦ ਕਰਿਆ ਕਰੋਗੇ। ਇਸੇ ਤਰ੍ਹਾਂ ਹੀ ਇਹ ਬੁੱਚੜ ਪੁਲਿਸ ਅਫਸਰ ਕਿਹਾ ਕਰਦਾ ਸੀ ਕਿ ਸਿੱਖੋ ਹੁਣ ਵਜ਼ੀਦ ਖਾਂ ਸੂਬਾ ਸਰਹੰਦ ਨੂੰ ਭੁੱਲ ਜਾਓਗੇ, ਮੈਂ ਉਸ ਤੋਂ ਵੀ ਵੱਧ ਜ਼ੁਲਮ ਸਿੱਖਾਂ ਉੱਪਰ ਕਰਾਂਗਾ, ਹੁਣ ਉਸ ਦੀ ਜਗ੍ਹਾ ਤੁਸੀ ਮੈਨੂੰ ਯਾਦ ਕਰਿਆ ਕਰੋਗੇ ਅਤੇ ਏਸ ਜਾਲਮ ਨੇ ਤਰਨ ਤਾਰਨ ਦੇ ਇਲਾਕੇ ਵਿੱਚ ਜ਼ੁਲਮ ਕਰਨ ਵਾਲੀ ਇੰਤਹਾ ਕਰ ਦਿੱਤੀ ਸੀ। ਕਾਰ ਸੇਵਾ ਵਾਲੇ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਨੂੰ ਅਤੇ ਹੋਰ ਵੀ ਕਈ ਸਿੱਖਾਂ ਨੂੰ ਇਸ ਦੀ ਅਗਵਾਈ ਵਿੱਚ ਲੱਤਾਂ ਨੂੰ ਰੱਸੇ ਬੰਨ੍ਹ ਕੇ ਦੋ ਜੀਪਾਂ ਨੂੰ ਉੱਲਟ ਦਿਸ਼ਾਵਾਂ ਵਿੱਚ ਭਜਾ ਕੇ ਬੰਦੇ ਨੂੰ ਦੋ ਫਾੜ ਕਰ ਦਿੰਦੇ ਹੁੰਦੇ ਸੀ। ਹਜਾਰਾਂ ਨੌਜਵਾਨ ਇਹਨਾਂ ਨੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਨਜ਼ਾਇਜ ਹੀ ਮਾਰ ਮੁਕਾਏ ਸਨ। ਪੁਲਿਸ ਵਾਲੇ ਅਤੇ ਵਕੀਲਾਂ ਨੂੰ ਵੀ ਏਸ ਸੂਬਾ ਸਰਹੰਦ ਦੇ ਪੈਰੀ ਹੱਥ ਲਾਉਣਾ ਪੈਂਦਾ ਸੀ। ਜ਼ੁਲਮ ਕਰਨ ਕਰਕੇ ਅਦਾਲਤਾਂ ਵਿੱਚ ਇਹਨਾਂ ਉੱਪਰ ਕੇਸ ਚੱਲੇ ਅਤੇ ਭਾਰਤ ਦੀਆਂ ਅਦਾਲਤਾਂ ਨੇ ਸਜ਼ਾਵਾਂ ਵੀ ਸੁਣਵਾਈਆਂ। 84 ਸਾਲਾ ਸੂਬਾ ਸਰਹੰਦ ਬੁੱਚੜ ਨੂੰ ਨਹੀਂ ਪਤਾ ਸੀ ਕਿ ਪਟਿਆਲੇ ਦੀ ਜੇਲ੍ਹ ਵਿੱਚ ਉਸ ਦੀ ਮੌਤ ਉਸਦਾ ਇੰਤਜਾਰ ਕਰ ਰਹੀ ਹੈ। ਪਿਛਲੇ ਦਿਨੀਂ ਭਾਈ ਸੰਦੀਪ ਸਿੰਘ ਸੰਨੀ ਉੱਪਰ ਇਹਨਾਂ ਤਿੰਨ ਪੁਲਿਸ ਅਫਸਰਾਂ ਨੇ ਕਾਤਲਾਨਾ ਹਮਲਾ ਪਟਿਆਲੇ ਦੀ ਜੇਲ੍ਹ ਵਿੱਚ ਕਰ ਦਿੱਤਾ। ਪਰ ਪਹਿਲੇ ਖ਼ਾਲਸਾ ਰਾਜ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਸ ਭਾਈ ਸੰਦੀਪ ਸਿੰਘ ਸੰਨੀ ਯੋਧੇ, ਸ਼ੇਰ ਤੇ ਬਹਾਦਰ ਸੂਰਮੇ ਨੇ ਖ਼ਾਲਸਾਈ ਜੌਹਰ ਵਿਖਾਉਂਦਿਆਂ ਹੋਇਆਂ ਇਹਨਾਂ ਤਿੰਨਾ ਗਿੱਦੜਾਂ ਨੂੰ ਫੱਟੜ ਕਰ ਦਿੱਤਾ। ਸੂਬਾ ਸਰਹੰਦ ਨੂੰ ਤਾਂ ਉਸ ਨੇ ਕੜੇ ਮਾਰ ਮਾਰ ਕੇ ਨਿਢਾਲ ਕਰ ਦਿੱਤਾ, ਲੋਹੇ ਦੀ ਰਾਡ ਨਾਲ ਇਸ ਦੁਸ਼ਟ ਦਾ ਸਿਰ ਹੀ ਫੇਹ ਦਿੱਤਾ ਅਤੇ ਪੰਜ-ਛੇ ਦਿਨਾਂ ਬਾਅਦ ਸੂਬਾ ਸਰਹੰਦ ਬੁੱਚੜ ਨਰਕ ਸਿਧਾਰ ਗਿਆ, ਜਿਸ ਦਾ ਭੋਗ ਅੱਜ ਵੱਲਾ ਪਿੰਡ, ਜ਼ਿਲ੍ਹਾ ਅੰਮ੍ਰਿਤਸਰ ਦੇ ਕਿਸੇ ਸੰਧੂ ਫਾਰਮ 'ਤੇ ਪੁਲਿਸ ਪੁਆਉਣ ਲੱਗੀ ਹੀ ਸੀ ਕਿ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਤਿੰਨ ਹੋਰ ਸਿੰਘਾਂ ਪਰਮਜੀਤ ਸਿੰਘ, ਰਾਜਬੀਰ ਸਿੰਘ ਤੇ ਹਰਜੋਤ ਸਿੰਘ ਨੇ ਓਥੇ ਧਾਵਾ ਬੋਲਿਆ ਅਤੇ ਖਿਲਾਰਾ ਪਾ ਦਿੱਤਾ ਗਿਆ ਜਿਸ ਕਾਰਨ ਪੁਲਿਸ ਵਾਲਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਿੰਘ ਕਹਿੰਦੇ ਕਿ ਅਸੀਂ ਏਸ ਬੁੱਚੜ ਦਾ ਭੋਗ ਨਹੀਂ ਪੈਣ ਦਿਆਂਗੇ, ਅਰਦਾਸ ਨਹੀਂ ਹੋਣ ਦਿਆਂਗੇ। ਸਿੰਘਾਂ ਨੇ ਸੂਬਾ ਸਰਹੰਦ ਮੁਰਦਾਬਾਦ, ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ ਜ਼ਿੰਦਾਬਾਦ, ਖ਼ਾਲਿਸਤਾਨ ਜ਼ਿੰਦਾਬਾਦ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ, ਬੁੱਚੜ ਪੁਲਿਸ ਮੁਰਦਾਬਾਦ, ਭਾਈ ਸੰਦੀਪ ਸਿੰਘ ਸੰਨੀ ਜ਼ਿੰਦਾਬਾਦ ਦੇ ਨਾਹਰੇ ਵੀ ਲਗਾਏ। ਇਹਨਾਂ ਜੁਝਾਰੂ ਸਿੰਘਾਂ ਦੀ ਪੁਲਿਸ ਨਾਲ ਬੜੀ ਜ਼ਬਰਦਸਤ ਤਕਰਾਰ ਹੋਈ, ਇਹ ਸਾਰਾ ਭਖਿਆ ਹੋਇਆ ਮਾਹੌਲ ਵੇਖ ਕੇ ਸੂਬੇ ਦੇ ਭੋਗ ਉੱਤੇ ਪਹੁੰਚੇ ਰਿਸ਼ਤੇਦਾਰ ਵੀ ਉਥੋਂ ਡਰ ਕੇ ਦੌੜ ਪਏ। ਸਿੰਘਾਂ ਨੇ ਤਿੰਨ ਵਾਰ ਬੈਰੀਕੇਡਿੰਗ ਨੂੰ ਤੋੜ ਕੇ ਅੱਗੇ ਚੜ੍ਹਾਈ ਕੀਤੀ ਤੇ ਪੁਲਿਸ ਨੂੰ ਖਾਲਸਾਈ ਜਲਵਾ ਦਿਖਾਇਆ। ਜਦੋਂ ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈਆਂ ਤਾਂ ਇੰਝ ਮਹਿਸੂਸ ਹੋਇਆ ਕਿ ਜਿਵੇਂ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦੁਬਾਰਾ ਆ ਗਏ ਹੋਣ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸਾਡੇ ਸ਼ਹੀਦਾਂ ਤੇ ਯੋਧਿਆਂ ਵਾਂਗ ਹੀ ਸਿੱਖੀ ਸਵੈਮਾਣ ਅਤੇ ਅਣਖ਼ ਨੂੰ ਜਿਉਂਦਾ ਰੱਖਿਆ ਅਤੇ ਖ਼ਾਲਸਾ ਪੰਥ ਦਾ ਸ਼ਾਨਾਮੱਤਾ ਇਤਿਹਾਸ ਦੁਹਰਾਇਆ ਜਿਸ ਉੱਤੇ ਕੌਮ ਨੂੰ ਹਮੇਸ਼ਾਂ ਮਾਣ ਰਹੇਗਾ ਤੇ ਢਾਡੀ-ਕਵੀਸ਼ਰ ਇਸ ਦੀਆਂ ਵਾਰਾਂ ਬਣਾ ਕੇ ਸੁਣਾਇਆ ਕਰਨਗੇ। ਸਾਡੇ ਇਹਨਾਂ ਦੋਵੇਂ ਖਾਲਿਸਤਾਨੀ ਯੋਧਿਆਂ ਨੇ ਪਹਿਲਾਂ ਵੀ ਕਈ ਜੁਝਾਰੂ ਕਾਰਨਾਮੇ ਕੀਤੇ ਹਨ ਤੇ ਸੂਬੇ ਦੇ ਭੋਗ ਦਾ ਵਿਰੋਧ ਕਰਕੇ ਤਾਂ ਸਿੱਖ ਕੌਮ ਦੇ ਦੁਸ਼ਮਣਾਂ ਦੇ ਵਿੱਚ ਖੌਫ ਪੈਦਾ ਕਰ ਦਿੱਤਾ। ਪੁਲਿਸ ਨੇ ਧੱਕਾ ਮੁੱਕੀ ਕਰਦਿਆਂ ਸਾਰੇ ਸਿੰਘਾਂ ਨੂੰ ਜਬਰੀ ਗ੍ਰਿਫਤਾਰ ਕਰ ਲਿਆ। ਸੂਬਾ ਸਰਹੰਦ ਜਿਸ ਨੇ ਅਨੇਕਾਂ ਸਿੱਖ ਲਵਾਰਸ ਕਹਿ ਕੇ ਸਾੜ ਦਿੱਤੇ ਸਨ, ਉਹ ਖੁਦ ਵੀ ਇੱਕ ਲਾਵਾਰਿਸ ਲਾਸ਼ ਹੀ ਬਣਿਆ। ਉਸ ਦੇ ਪ੍ਰੀਵਾਰ ਨੇ ਵੀ ਉਸ ਦੀ ਲਾਸ਼ ਲੈਣ ਤੋਂ ਇੰਨਕਾਰ ਕਰ ਦਿੱਤਾ, ਸੂਬਾ ਸਰਹੰਦ ਦੇ ਪਿੰਡ ਵਾਸੀਆਂ ਨੇ ਵੀ ਉਸ ਦੇ ਮਰਨ ਉਪਰੰਤ ਖੁਸ਼ੀਆਂ ਮਨਾਈਆਂ ਅਤੇ ਲੱਡੂ ਵੰਡੇ। "ਪਾਪੀ ਕੋ ਮਾਰਨੇ ਕੋ ਪਾਪ ਮਹਾਂਬਲੀ ਹੈ", ਪਾਪੀ ਲੋਕ ਆਪਣੇ ਕੀਤੇ ਪਾਪਾਂ ਦੇ ਭਾਰ ਨਾਲ ਹੀ ਮਰ ਜਾਂਦੇ ਹਨ, ਬੋਝ ਨਾਲ ਹੀ ਮਰ ਜਾਂਦੇ ਹਨ। ਇਸੇ ਤਰ੍ਹਾਂ ਹੀ ਸੰਨ 2013 ਵਿੱਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਤਤਕਾਲੀ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਨੇ ਵੀ ਬੁੱਚੜ ਐਸ ਐਸ ਪੀ ਸਵਰਨ ਸਿੰਘ ਘੋਟਣੇ ਦੇ ਭੋਗ ਉੱਤੇ ਵੀ ਜਲੰਧਰ ਵਿੱਚ ਗਾਹ ਪਾ ਦਿੱਤਾ ਸੀ ਤੇ ਹੁਣ ਉਹੀ ਕਾਰਜ ਫੈਡਰੇਸ਼ਨ ਭਿੰਡਰਾਂਵਾਲਾ ਦੇ ਮੌਜੂਦਾ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਭਾਈ ਭੁਪਿੰਦਰ ਸਿੰਘ ਨੇ 26 ਸਤੰਬਰ 2025 ਨੂੰ ਕਰਕੇ ਵਿਖਾ ਦਿੱਤਾ। ਇਸੇ ਕਰਕੇ ਦੇਸ਼ਾਂ ਵਿਦੇਸ਼ਾਂ ਵਿੱਚ ਇਹਨਾਂ ਸਿੰਘਾਂ ਦੇ ਜੁਝਾਰੂ ਕਾਰਨਾਮੇ ਨੂੰ ਰੱਜ ਕੇ ਸਲਾਹਿਆ ਜਾ ਰਿਹਾ ਹੈ। ਧੰਨਵਾਦ ਬੱਬਰ ਸ਼ੇਰੋ। ਅੱਜ ਦਾ ਇਹ ਦਿਨ ਵੀ ਇਤਿਹਾਸ ਵਿੱਚ ਯਾਦ ਕੀਤਾ ਜਾਇਆ ਕਰੇਗਾ।



ਆਵਾਜ਼ਿ ਕੌਮ AWAZE QAUM International Newspaper & WEB TV

**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**

### ਮੁੱਖ ਮੰਤਰੀ ਦੇ ਓਐਸਡੀ ਰਾਜਵੀਰ ਸਿੰਘ ਨੇ

# ਧੂਰੀ ਹਲਕੇ ਦੀਆਂ ਸਮੱਸਿਆਵਾਂ ਸੁਣੀਆਂ, ਮੌਕੇ 'ਤੇ ਕੀਤਾ ਹੱਲ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਰਾਜਵੀਰ ਸਿੰਘ ਨੇ ਧੂਰੀ ਦਫਤਰ ਵਿਖੇ ਪਹੁੰਚ ਕੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਮੌਕੇ ਤੇ ਹੱਲ ਕੀਤਾ। ਇਸ ਮੌਕੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਸ,ਦਲਵੀਰ ਸਿੰਘ ਢਿੱਲੋ ਹਲਕਾ ਸੰਗਠਨ ਇੰਚਾਰਜ ਧੂਰੀ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਬਲਾਕ ਪ੍ਰਧਾਨ ਸੁਰਜੀਤ ਸਿੰਘ ਰਾਜੋਮਾਜਰਾ,ਸੰਦੀਪ ਤਾਇਲ ਪੱਪੂ, ਕਾਲਾ ਬੇਨੜਾ, ਸਰਪੰਚ ਜਗਜੀਤ ਸਿੰਘ ਕੱਕੜਵਾਲ , ਐਡਵੋਕੇਟ ਹੈਪੀ ਗੋਇਲ,ਰਛਪਾਲ ਸਿੰਘ ਭੁੱਲਰ,ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ, ਕੁਲਦੀਪ ਸਿੰਘ ਬੁੱਟਰ, ਬਲਾਕ ਪ੍ਰਧਾਨ ਕਾਲਾ ਬੇਨੜਾ, ਪੁਸਪਿੰਦਰ ਸੋਮਾ ਐਮ,ਸੀ, , ਸੁਖਪਾਲ ਪਾਲਾ, ਸਰਪੰਚ ਰਾਜ ਸਿੰਘ ਮਾਨਵਾਲਾ, ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਰਾਜੂ ਬਰੜਵਾਲ, ਦਰਸਨ ਸਿੰਘ ਪਾਠਕ, ਐਸੀ ਵਿੰਗ ਦੇ ਜ਼ਿਲਾ ਪ੍ਰਧਾਨ ਲਾਭ ਸਿੰਘ, ਨਪਿੰਦਰ ਸਿੰਘ ਕਾਂਝਲਾ, ਬਸੰਤ ਕੁਮਾਰ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਸਰਪੰਚ ਗੋਪੀ ਮੀਮਸਾ, ਮਾਣਾ ਗਰੇਵਾਲ, ਭਿੰਦਾ ਵਿਰਕ, ਜੱਜ ਧੂਰੀ, ਮਨਦੀਪ ਸਿੰਘ ਰੰਗੀਆਂ, ਸੰਦੀਪ ਸਿੰਘ ਧੂਰੀ ਬੱਸ, ਬੱਬੂ ਧੂਰੀ ,ਅਰਸ ਧੂਰੀ ,ਸ਼ੰਭੂ ਧੂਰੀ , ਨਵਜੋਤ ਕੌਰ ਧੂਰੀ ,ਗੁਰਪ੍ਰੀਤ ਸਿੰਘ ਦੋਹਲਾ, ਨਰੇਸ ਸਿੰਗਲਾ,ਸੁਖਦੀਪ ਸਿੰਘ ਚੀਮਾ, ਸੁਰਜੀਤ ਸਿੰਘ ਪੰਚ ਪੇਧਨੀ, ਕਾਲਾ ਚੀਮਾ, ਕੁਲਦੀਪ ਸਿੰਘ ਪੰਚ ਪੇਧਨੀ, ਸਰਪੰਚ ਮੱਖਣ ਸਿੰਘ ਪੇਧਨੀ, ਮਨਪ੍ਰੀਤ ਸਿੰਘ ਸਲੇਮਪੁਰ, ਜਗਤਾਰ ਸਿੰਘ ਬਾਗੜੀ, ਗਿੰਨੀ ਸਲੇਮਪੁਰ ਹਾਜ਼ਰ।

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਸੰਗਰੂਰ ਦੇ ਮਨਜੀਤ ਸਿੰਘ ਦਾ ਬ੍ਰਾਂਡ " ਪਿੰਡ-ਮੇਡ" ਪੀ.ਏ.ਯੂ., ਲੁਧਿਆਣਾ ਦੇ ਕਿਸਾਨ ਮੇਲੇ ਦੌਰਾਨ ਲਾਂਚ

### ਮਨਜੀਤ ਦਾ ਵਿਦੇਸ਼ ਜਾਣ ਦੀ ਬਜਾਏ ਸਵੈ-ਰੋਜ਼ਗਾਰ ਰਾਹੀਂ ਸਵੈ-ਨਿਰਭਰ ਬਣਨਾ ਸੱਚਮੁੱਚ ਬਹੁਤ ਉਤਸ਼ਾਹਜਨਕ - ਇੰਚਾਰਜ ਕੇ ਵੀ ਕੇ ਸੰਗਰੂਰ




ਸੰਗਰੂਰ ( ਰਣਜੀਤ ਸਿੰਘ ਪੇਧਨੀ ) ਨੇੜਲੇ ਪਿੰਡ ਚੱਠਾ ਨਨਹੇੜਾ ਦੇ ਮਨਜੀਤ ਸਿੰਘ ਦਾ ਬ੍ਰਾਂਡ "ਪਿੰਡ-ਮੇਡ" ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕਿਸਾਨ ਮੇਲੇ ਦੌਰਾਨ ਲਾਂਚ ਕੀਤਾ ਗਿਆ 9 ਮਨਜੀਤ ਸਿੰਘ ਦੇ ਮਾਤਾ ਰਜਿੰਦਰ ਕੌਰ ਅਤੇ ਪਿਤਾ ਨੈਬ ਸਿੰਘ ਸਾਲ 2016 ਤੋਂ "ਕਿਰਤ" ਸਵੈ-ਸਹਾਇਤਾ ਸਮੂਹ ਚਲਾ ਰਹੇ ਹਨ। ਜਿਸ ਵਿੱਚ ਮਨਜੀਤ ਸਿੰਘ ਵੀ ਆਪਣੇ ਮਾਤਾ-ਪਿਤਾ ਨਾਲ ਕੰਮ ਵਿੱਚ ਹੱਥ ਵਟਾਉਂਦਾ ਸੀ। ਕਿਰਤ ਸਵੈ-ਸਹਾਇਤਾ ਸਮੂਹ ਵੱਖ-ਵੱਖ ਤਰੀਕੇ ਦੇ ਅਚਾਰ ਅਤੇ ਘਰੇਲੂ ਮਸਾਲੇ ਤਿਆਰ ਕਰ ਰਿਹਾ ਹੈ। ਇਹ ਕੰਮ ਉਹਨਾਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਤੋਂ ਸਿਖਲਾਈ ਪ੍ਰਾਪਤ ਕਰਨ ਉਪਰੰਤ ਸ਼ੁਰੂ ਕੀਤਾ ਸੀ। ਸਮੇਂ ਦੇ ਨਾਲ ਉਨ੍ਹਾਂ ਦੇ ਉਤਪਾਦ ਉੱਚ-ਗੁਣਵੱਤਾ ਅਤੇ ਰਵਾਇਤੀ ਸਵਾਦ ਕਰਕੇ ਪੰਜਾਬ ਵਿੱਚ ਕਾਫੀ ਪ੍ਰਸਿੱਧ ਹੋ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

ਡਾ. ਮਨਦੀਪ ਸਿੰਘ (ਇੰਚਾਰਜ), ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਪਿੰਡ-ਮੇਡ" ਬਰਾਂਡ ਅਧੀਨ ਹੁਣ ਉਹ ਵੱਖ-ਵੱਖ ਤਰ੍ਹਾਂ ਦੇ ਆਚਾਰ, ਮੁਰੱਬੇ, ਚਟਣੀਆਂ ਅਤੇ ਘਰੇਲੂ ਮਸਾਲੇ ਤਿਆਰ ਕਰ ਰਹੇ ਹਨ। ਇਨ੍ਹਾਂ ਵੱਲੋਂ ਬਣਾਏ ਗਏ ਸਾਰੇ ਉਤਪਾਦ ਬਹੁਤ ਹੀ ਸਫ਼ਾਈ ਨਾਲ ਤਿਆਰ ਕਰਕੇ ਵਧੀਆ ਢੰਗ ਨਾਲ ਪੈਕ ਕੀਤੇ ਜਾਂਦੇ ਹਨ। ਖਾਸ ਗੱਲ ਹੈ ਕਿ ਮਨਜੀਤ ਸਿੰਘ ਨੇ ਸ਼ੁਰੂਆਤ ਵਿੱਚ ਕੈਨੇਡਾ ਜਾਣ ਦੀ ਇੱਛਾ ਜ਼ਾਹਿਰ ਕੀਤੀ ਸੀ ਪਰ ਹੁਣ ਉਸ ਨੇ ਆਪਣੇ ਵਿਚਾਰ ਬਦਲ ਕੇ ਆਪਣੇ ਜ਼ਿਲ੍ਹੇ ਵਿੱਚ ਹੀ ਆਪਣੇ ਪਰਿਵਾਰ ਨਾਲ ਰਹਿ ਕੇ ਰੋਜ਼ਗਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ 9 ਆਪਣੇ ਪਰਿਵਾਰ ਦੇ ਪੂਰੇ ਸਹਿਯੋਗ ਨਾਲ ਅੱਜ ਉਹ ਇੱਕ ਸਫ਼ਲ ਵਪਾਰ ਖੜਾ ਕਰਨ ਵਿੱਚ ਕਾਮਯਾਬ ਹੋ ਰਿਹਾ ਹੈ। ਜੋ ਨਾ ਸਿਰਫ ਉਹਨਾਂ ਦੇ ਘਰ ਦੀ ਆਮਦਨ ਵਧਾ ਰਿਹਾ ਹੈ ਸਗੋਂ ਹੋਰਨਾਂ ਨੌਜਵਾਨਾਂ ਲਈ ਵੀ ਪ੍ਰੇਰਨਾ ਸਰੋਤ ਬਣ ਕੇ ਉਭਰਿਆ ਹੈ।

ਬੀਤੇ ਦਿਨੀਂ ਪੀ.ਏ.ਯੂ., ਲੁਧਿਆਣਾ ਦੇ ਦੋ-ਰੋਜ਼ਾ ਕਿਸਾਨ ਮੇਲੇ ਵਿੱਚ ਪਿੰਡ-ਮੇਡ ਬਰਾਂਡ ਨੂੰ ਗ੍ਰਾਹਕਾਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਦੀ ਵਿਕਰੀ ਵੀ ਕਾਫੀ ਚੰਗੀ ਰਹੀ 9 ਇਸ ਮੌਕੇ 'ਤੇ ਡਾ. ਮਨਦੀਪ ਸਿੰਘ (ਇੰਚਾਰਜ), ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ, ਡਾ ਵਿਤਸਤਾ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਅਤੇ ਡਾ ਮੋਨਿਕਾ ਚੌਧਰੀ, ਭੋਜਨ ਅਤੇ ਪੋਸ਼ਣ ਵਿਗਿਆਨੀ, ਪੀ.ਏ.ਯੂ., ਲੁਧਿਆਣਾ ਨੇ ਸ. ਮਨਜੀਤ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਇਸ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ 9 ਉਹਨਾਂ ਕਿਹਾ ਕਿ ਮਨਜੀਤ ਦਾ ਇਹ ਫੈਸਲਾ, ਵਿਦੇਸ਼ ਜਾਣ ਦੀ ਬਜਾਏ ਸਵੈ-ਰੋਜ਼ਗਾਰ ਰਾਹੀਂ ਸਵੈ- ਨਿਰਭਰ ਬਣਨਾ ਸੱਚਮੁੱਚ ਹੀ ਬਹੁਤ ਉਤਸ਼ਾਹਜਨਕ ਹੈ।

# ਆਂਗਨਵਾੜੀ ਤੇ ਆਸ਼ਾ ਵਰਕਰਾਂ ਨੇ ਸਾਈਕਲ ਚਲਾ ਕੇ ਲੋਕਾਂ ਨੂੰ ਤੰਦਰੁਸਤ ਰਹਿਣ ਦਾ ਦਿੱਤਾ ਸੁਨੇਹਾ



**ਸੰਗਰੂਰ, ( ਰਣਜੀਤ ਸਿੰਘ ਪੇਧਨੀ )**-ਜ਼ਿਲ੍ਹਾ ਸੰਗਰੂਰ ਵਿੱਚ ਫਿੱਟ ਇੰਡੀਆ ਮੂਵਮੈਂਟ ਹੇਠ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਸਮੂਹ ਆਂਗਨਵਾੜੀ ਤੇ ਆਸ਼ਾ ਵਰਕਰਾਂ ਨੇ ਸਾਈਕਲ ਚਲਾ ਕੇ ਲੋਕਾਂ ਨੂੰ ਤੰਦਰੁਸਤ ਰਹਿਣ ਦਾ ਸੁਨੇਹਾ ਦਿੱਤਾ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਰੀਵਾਲ, ਨੋਡਲ ਅਫਸਰ ਰਜਤ ਕੁਮਾਰ, ਸਪੋਰਟਸ ਅਥਾਰਟੀ ਆਫ ਇੰਡੀਆ ਦੇ ਮੈਂਬਰ ਅਤੇ ਵਾਲੀਬਾਲ ਕੋਚ ਯਾਦਵਿੰਦਰ ਸਿੰਘ ਨੇ ਹਾਜ਼ਰੀ ਭਰੀ ਅਤੇ ਆਂਗਨਵਾੜੀ ਤੇ ਆਸ਼ਾ ਵਰਕਰਾਂ ਨੂੰ ਹੌਸਲਾ ਅਫ਼ਜ਼ਾਈ ਕੀਤੀ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਰੀਵਾਲ ਨੇ ਦੱਸਿਆ ਕਿ ਇਹ ਰਾਸ਼ਟਰੀ ਮੁਹਿੰਮ ਇਸਤਰੀ ਅਤੇ ਬਾਲ ਵਿਕਾਸ ਮੰਤਰਾਲਾ ਅਤੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵੱਲੋਂ ਪੂਰੇ ਦੇਸ਼ ਵਿੱਚ ਮਨਾਈ ਗਈ। ਇਸਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਮੋਟਾਪੇ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਕਸਰਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਨਾ ਸੀ। ਜ਼ਿਲ੍ਹਾ ਸੰਗਰੂਰ ਦੀਆਂ ਸਾਰੀਆਂ ਆਂਗਨਵਾੜੀ ਵਰਕਰਾਂ ਅਤੇ ਆਸ਼ਾ ਵਰਕਰਾਂ ਨੇ ਸਾਈਕਲ ਰੈਲੀ ਵਿੱਚ ਸਰਗਰਮ ਤੌਰ 'ਤੇ ਸ਼ਿਰਕਤ ਕਰਕੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਾਈਕਲ ਚਲਾਉਣਾ ਤੰਦਰੁਸਤ ਰਹਿਣ ਦਾ ਇੱਕ ਸੌਖਾ, ਸਸਤਾ ਅਤੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਏਕ ਨੂਰ ਸਵੈ ਸੇਵੀ ਸੰਸਥਾ ਅਤੇ ਗ੍ਰਾਮ ਪੰਚਾਇਤ ਪਠਲਾਵਾ ਵਲੋਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਜੰਗਲ ਦੀ ਸਥਾਪਨਾ





ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਹਨਾਂ ਦੇ ਨਾਲ ਦਿਲੀ ਦੇ ਚਾਂਦਨੀ ਚੌਕ ਵਿਚ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਹਿਤ ਲਾਮਿਸਾਲ ਸ਼ਹਾਦਤ ਦੇਣ ਵਾਲੇ ਸਿੰਘਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਪਠਲਾਵਾ ਵਿਖੇ ਇਕ ਨਿਵੇਕਲੇ ਜੰਗਲ ਦੀ ਸਿਰਜਣਾ, ਇਲਾਕੇ ਦੀ ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਗ੍ਰਾਮ ਪੰਚਾਇਤ ਅਤੇ ਸਮੂਹ ਪਠਲਾਵਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁਖੀ ਸੇਹਤ ਸੇਵਾਵਾਂ ਡਾ ਪਰਮਿੰਦਰ ਸਿੰਘ ਵਾਰੀਆ, ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਵਿੱਤ ਸਕੱਤਰ ਲੈਕਚਰਾਰ ਤਰਸੇਮ ਪਠਲਾਵਾ, ਪ੍ਰਧਾਨ ਸ ਬਲਵੀਰ ਸਿੰਘ ਯੂ ਕੇ , ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਅਤੇ ਪਿੰਡ ਦੇ ਸਰਪੰਚ ਸ ਦਿਲਾਵਰ ਸਿੰਘ ਬੈਂਸ ਨੇ ਦੱਸਿਆ ਕਿ ਭਾਵੇਂ ਸੰਸਥਾ ਵਲੋਂ ਪਿਛਲੇ ਲੰਮੇ ਸਮੇਂ ਤੋਂ ਹਜ਼ਾਰਾਂ ਦੀ ਤਾਦਾਦ ਵਿਚ ਪਿੰਡ ਤੋਂ ਨਿਕਲਣ ਵਾਲੀਆਂ ਵੱਖ ਵੱਖ ਸੜਕਾਂ ਤੇ ਸਜਾਵਟੀ ਹਾਈਬ੍ਰਿਡ ਛਾਂਦਾਰ ਬੂਟੇ ਲਗਾਏ ਜਾ ਚੁੱਕੇ ਹਨ ਪਰ ਕਿਤੇ ਨਾ ਕਿਤੇ ਇਹ ਮਹਿਸੂਸ ਹੁੰਦਾ ਸੀ ਕਿ ਜਿਹੜੀ ਬਨਸਪਤੀ ਤੋ ਸਾਨੂੰ ਕੁਦਰਤੀ ਇਲਾਜ ਲਈ ਮੁਫ਼ਤ ਵਿਚ ਜੜੀਆਂ ਬੂਟੀਆਂ ਪ੍ਰਾਪਤ ਹੁੰਦੀਆਂ ਸਨ , ਪਰ ਅੱਜ ਅਸੀਂ ਆਪਣੀ ਧਰਤੀ ਦੇ ਇਸ ਵਿਰਾਸਤੀ ਅਮੁੱਲ ਖ਼ਜ਼ਾਨੇ ਤੋਂ ਕੋਹਾਂ ਦੂਰ ਚਲੇ ਗਏ ਹਾਂ । ਇਸ ਲਈ ਸੰਸਥਾਂ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਯੋਗ ਅਗਵਾਈ ਵਿਚ ਸਮੂਹ ਗ੍ਰਾਮ ਪੰਚਾਇਤ ਪਠਲਾਵਾ ਦੇ ਸਹਿਯੋਗ ਨਾਲ ਰਾਉਂਡ ਗਲਾਸ ਫਾਉਂਡੇਸ਼ਨ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਠਲਾਵਾ ਤੋ ਗੁਜ਼ਰ ਪੁਰ ਖੁਰਦ ਰੋਡ ਦਾਣਾ ਮੰਡੀ ਦੇ ਨਜ਼ਦੀਕ ਪਿਛਲੇ ਲੰਮੇ ਸਮੇਂ ਤੋਂ ਖਾਲੀ ਪਈ ਲਗਭਗ ਚਾਰ ਕੁ ਕੁਨਾਲ ਜ਼ਮੀਨ ਤੇ ਇਸ ਕਾਰਜ ਦੀ ਸਥਾਪਨਾ ਲਈ ਪਿਛਲੇ ਦੋ ਮਹੀਨਿਆਂ ਤੋਂ ਇਕ ਜ਼ਬਰਦਸਤ ਅਭਿਆਨ ਵਿਢਿਆ ਗਿਆ ।ਜ਼ਮੀਨ ਨੂੰ ਤਿਆਰ ਕਰਨ ਲਈ ਦੋ ਦੋ ਟਰੈਕਟਰਾਂ ਨਾਲ ਵਾਹੀ ਕੀਤੀ ਗਈ ਫਿਰ ਲੈਜਰ ਲੈਵਲਰ ਨਾਲ ਜ਼ਮੀਨ ਦਾ ਲੈਵਲ ਕੀਤਾ ਗਿਆ। ਬੂਟੇ ਲਗਾਉਣ ਦਾ ਸ਼ੁੱਭ ਮਹੂਰਤ ਗੁਰਦੁਆਰਾ ਸ੍ਰੀ ਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਘਨ੍ਹਈਆ ਸਿੰਘ ਜੀ, ਨਿਰਮਲ ਬੁੰਗਾ ਪਠਲਾਵਾ ਦੇ ਅਸਥਾਨੀ ਮਹਾਂਪੁਰਖ ਸੰਤ ਬਾਬਾ ਗੁਰਬਚਨ ਸਿੰਘ ਜੀ ਜੋਂ ਇਸ ਵਕਤ ਵਿਦੇਸ਼ ਗਏ ਹੋਣ ਕਰਕੇ,ਡੇਰੇ ਦੇ ਮੁੱਖ ਸੇਵਾਦਾਰ ਬਾਬਾ ਗੁਰਪ੍ਰੀਤ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਕੀਤਾ ਗਿਆ।

ਬੂਟਿਆਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਲੈਕਚਰਾਰ ਤਰਸੇਮ ਪਠਲਾਵਾ ਅਤੇ ਮਾ ਤਰਲੋਚਨ ਸਿੰਘ ਪਠਲਾਵਾ ਨੇ ਵਿਸਥਾਰ ਵਿਚ ਦੱਸਿਆਂ ਕਿ ਡਾ ਤਰਨਵੀਰ ਸਿੰਘ ਜਿਨਾਂ ਨੇ ਕੁਦਰਤੀ ਬਨਸਪਤੀ ਵਿਸੇ ਵਿਚ ਪੀ ਐਚ ਡੀ ਕੀਤੀ ਹੋਈ ਹੈ ਤੇ ਰਾਉਂਡ ਗਲਾਸ ਫਾਉਂਡੇਸ਼ਨ ਪਟਿਆਲਾ ਦੇ ਮੁਹਾਜ਼ ਤੋਂ ਸੇਵਾਵਾਂ ਦੇ ਰਹੇ ਦੀ ਨਿਰਦੇਸ਼ਨਾ ਤਹਿਤ ਕੋਈ ਵੀਹ ਕਿਸਮ ਦੇ ਦੋ ਹਜ਼ਾਰ ਬੂਟਿਆਂ ਨੂੰ ਜ਼ਮੀਨ ਵਿਚ ਲਗਾਇਆ ਗਿਆ ਹੈ। ਜਿਸਦੀ ਸਾਂਭ ਸੰਭਾਲ ਦਾ ਵੱਡਾ ਜਿਮਾਂ ਏਕ ਸੰਸਥਾ ਵਲੋਂ ਕੀਤਾ ਜਾਵੇਗਾ। ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਨੇ ਦੱਸਿਆ ਕਿ ਇਸ ਵਿਰਾਸਤੀ ਜੰਗਲ ਦੀ ਸਥਾਪਨਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ਵਲੋਂ ਆਪਣੇ ਨੌਵੇ ਗੁਰੂ ਸਹਿਬਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਹਨਾਂ ਸਿੰਘਾਂ ਦੀ ਸ਼ਹੀਦੀ ਨੂੰ ਇਕ ਸੱਚੀਂ ਤੇ ਸੁੱਚੀ ਸ਼ਰਧਾਂਜਲੀ ਹੋਵੇਗੀ ਜਿਨਾਂ ਨੇ ਆਪਣੀਆਂ ਸ਼ਹਾਦਤਾਂ ਇਸ ਦੇਸ਼ ਤੇ ਹੁੰਦੇ ਮੁਗਲਾਂ ਦੇ ਜਬਰ ਤੇ ਜੁਲਮ ਵਿਰੁੱਧ ਦਿਤੀਆ ਸਨ। ਬੂਟੇ ਲਗਾਉਣ ਸਮੇਂ ਚਲ ਰਹੇ ਕੰਮ ਨੂੰ ਵੇਖਣ ਲਈ ਬੀ ਡੀ ਪੀ ਓ ਦਫਤਰ ਬੰਗਾ ਤੋਂ ਏ ਪੀ ਓ ਮੈਡਮ ਮਨਜੀਤ ਕੌਰ ਅਤੇ ਜੀ ਆਰ ਐਫ ਸ੍ਰੀ ਨਰੇਸ਼ ਕੁਮਾਰ ਵਲੋਂ ਵੀ ਵਿਜਟ ਕੀਤਾ ਗਿਆ। ਉਹਨਾਂ ਨੇ ਇਸ ਵੱਖਰੇ ਕਾਰਜ ਦੀ ਸਥਾਪਨਾ ਲਈ ਸੰਸਥਾ ਅਤੇ ਗ੍ਰਾਮ ਪੰਚਾਇਤ ਪਠਲਾਵਾ ਦੇ ਯਤਨਾਂ ਦੀ ਸਰਾਹਨਾ ਵੀ ਕੀਤੀ ਗਈ। ਬੂਟੇ ਲਗਾਉਣ ਦੀ ਸ਼ੁਰੂਆਤ ਅਤੇ ਅਰਦਾਸ ਕਰਨ ਦੇ ਮੁਬਾਰਕ ਅਵਸਰ ਤੇ ਹੋਰਨਾਂ ਤੋਂ ਇਲਾਵਾ ਸਰਬਜੀਤ ਸਿੰਘ ਸਾਬੀ , ਬਹਾਦਰ ਸਿੰਘ ਲਾਡੀ, ਸਤੀਸ਼ ਕੁਮਾਰ ਐਮਾਂ ਜਟਾਂ, ਸੰਦੀਪ ਕੁਮਾਰ ਗੌੜ, ਅਮਰੀਕ ਸਿੰਘ ਕੰਪਿਊਟਰ ਟੀਚਰ ਅਤੇ ਉਹਨਾਂ ਦੀ ਟੀਮ , ਪ੍ਰੋ ਚਰਨਜੀਤ ਸਿੰਘ ਪੋਸੀ, ਪ੍ਰਮਜੀਤ ਸਿੰਘ ਸੂਰਾਪੁਰੀ,ਸੰਸਥਾ ਦੇ ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ,ਡਾ ਕੁਲਦੀਪ ਰਾਜ ਬੰਗਾ, ਮਾ ਰਮੇਸ਼ ਕੁਮਾਰ ਪਠਲਾਵਾ,ਰਣਵੀਰ ਸਿੰਘ ਲੌਂਗੀਆ, ਕੈਪਟਨ ਜੋਗਾ ਸਿੰਘ ਪਠਲਾਵਾ,ਜਸਪਾਲ ਸਿੰਘ ਪਾਲਾ ,ਪਾਖਰ ਰਾਮ ,ਚਰਨ ਦਾਸ, ਸੁਰਜੀਤ ਸਿੰਘ ਸੀਤਾ,ਗੁਰਮੀਤ ਸਿੰਘ, ਰਜਿੰਦਰ ਸਿੰਘ ਜਿੰਦਾ ,ਮਾ ਬਲਵਿੰਦਰ ਸਿੰਘ ਪਠਲਾਵਾ, ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ,ਸੰਸਥਾ ਦੇ ਇਸਤਰੀ ਵਿੰਗ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਵਾਰੀਆ,ਡਾ ਵਰਿੰਦਰ ਕੌਰ ਵਾਰੀਆ,ਮੈਡਮ ਸਰਬਜੀਤ ਕੌਰ ਪਠਲਾਵਾਅਤੇ ਸੰਸਥਾ ਦਾ ਵਰਕਰ ਦੀਪ ਚੰਦ ਬਰੇਲੀ ਹਾਜ਼ਰ ਸਨ

**-ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

# ਪਰਾਲੀ ਸਾੜਨ ਦੀਆਂ ਘਟਨਾਵਾਂ ਨਾਲ ਨਜਿੱਠਣ ਅਤੇ ਖੇਤੀ ਮਸ਼ੀਨਰੀ ਬਾਰੇ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ - ਡਿਪਟੀ ਕਮਿਸ਼ਨਰ

## ਐਕਸੀਅਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਨੋਡਲ ਅਧਿਕਾਰੀ ਲਾਇਆ



ਸੰਗਰਰ ( ਰਣਜੀਤ ਸਿੰਘ ਪੇਧਨੀ )- ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ, ਸੰਗਰੂਰ ਵੱਲੋਂ ਪਰਾਲੀ ਨੂੰ ਨਾ ਸਾੜਨ ਅਤੇ ਪਰਾਲੀ ਦੇ ਉਚਿਤ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਯਕੀਨੀ ਬਣਾਉਣ ਲਈ ਜਾਗਰੂਕਤਾ ਮੁਹਿੰਮ ਨੂੰ ਪੂਰੇ ਜ਼ੋਰਾਂ ਨਾਲ ਚਲਾਇਆ ਜਾ ਰਿਹਾ ਹੈ। ਪਿੰਡ ਪੱਧਰ ਉਤੇ ਕੈਂਪਾਂ ਰਾਹੀਂ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਅਤੇ ਵਾਤਾਵਰਨ ਪੱਖੀ ਖੇਤੀਬਾੜੀ ਮਸ਼ੀਨਰੀ ਨੂੰ ਵਰਤਣ ਲਈ ਵੀ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਰਾਲੀ ਸਾੜਨ ਦੀਆਂ ਘਟਨਾਵਾਂ ਨਾਲ ਨਜਿੱਠਣ ਅਤੇ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਵਰਤਣ ਲਈ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਵੀ ਸਥਾਪਿਤ ਕਰ ਦਿੱਤਾ ਗਿਆ ਹੈ। ਜਿਸ ਦਾ ਕਿਸਾਨਾਂ ਅਤੇ ਆਮ ਲੋਕਾਂ ਨੂੰ ਭਰਪੂਰ ਲਾਭ ਲੈਣਾ ਚਾਹੀਦਾ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਰਾਹੁਲ ਚਾਬਾ ਨੇ ਕੀਤਾ। ਡਿਪਟੀ ਕਮਿਸ਼ਨਰ ਸ਼੍ਰੀ ਚਾਬਾ ਨੇ ਦੱਸਿਆ ਕਿ ਪਰਾਲੀ ਸਾੜਨ ਦੀ ਸੂਚਨਾ ਮਿਲਣ ਉਤੇ ਲਾਈਨ ਵਿਭਾਗਾਂ ਅਤੇ ਆਮ ਲੋਕਾਂ ਨਾਲ ਸਹੀ ਤਾਲਮੇਲ ਲਈ ਇਹ ਕੰਟਰੋਲ ਰੂਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਧਰਾਤਲ ਮੰਜ਼ਿਲ ਸਥਿਤ ਸਹਾਇਕ ਕਮਿਸ਼ਨਰ (ਜਨਰਲ) ਦੇ ਦਫ਼ਤਰ (ਕਮਰਾ ਨੰਬਰ 18) ਵਿਖੇ ਬਣਾਇਆ ਗਿਆ ਹੈ। ਕੰਟਰੋਲ ਰੂਮ ਦਾ ਨੰਬਰ 01672-234196 ਹੈ, ਜਿਹੜਾ ਕਿ ਰੋਜ਼ਾਨਾ ਸਵੇਰੇ 8 ਵਜੇ ਤੋਂ ਲੈਕੇ ਸ਼ਾਮ 8 ਵਜੇ ਤੱਕ ਕਾਰਜਸ਼ੀਲ ਰਹੇਗਾ। ਪਰਾਲੀ ਨੂੰ ਅੱਗ ਲੱਗਣ ਦੀ ਘਟਨਾ ਬਾਰੇ ਕੰਟਰੋਲ ਰੂਮ ਨੰਬਰ ਉਤੇ ਸੂਚਿਤ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਅਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਜਾਗਰੂਕ ਕਰਨ ਲਈ ਸ਼੍ਰੀ ਰੋਹਿਤ ਸਿੰਗਲਾ, ਐਕਸੀਅਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਸੰਗਰੂਰ ਨੂੰ ਨੋਡਲ ਅਧਿਕਾਰੀ ਲਾਇਆ ਗਿਆ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੀ ਚੋਣ ਲਈ ਵੋਟ ਬਣਵਾਉਣ ਦਾ ਸਮਾਂ ਵੱਧ ਕੇ 20 ਅਕਤੂਬਰ ਹੋਇਆ: ਪਰਮਜੀਤ ਸਿੰਘ ਵੀਰਜੀ



ਨਵੀਂ ਦਿੱਲੀ 30 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਗੁਰਦੁਆਰਾ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਦੇ ਮਦੇਨਜਰ ਬਣ ਰਹੀ ਨਵੀਂ ਵੋਟਰ ਸੂਚੀ ਵਿਚ ਨਾਮ ਦਰਜ਼ ਕਰਵਾਉਣ ਜਾਂ ਕਿਸੇ ਕਿਸਮ ਦੀ ਗਲਤੀਆਂ ਨੂੰ ਠੀਕ ਕਰਵਾਉਣ ਲਈ ਅੰਤਮ ਮਿਤੀ ਜੋ ਕਿ 30 ਸੰਤਬਰ ਸੀ ਨੂੰ ਵਧਾ ਕੇ 20 ਅਕਤੂਬਰ ਕਰ ਦਿੱਤਾ ਗਿਆ ਹੈ । ਇਸ ਬਾਰੇ ਜਾਣਕਾਰੀ ਦੇਂਦਿਆ ਗੁਰਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਆਗੂ ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ ਦਿੱਲੀ ਦੀਆਂ ਸੰਗਤਾਂ ਨਵੀਆਂ ਵੋਟਾਂ ਬਣਵਾਣ ਵਿਚ ਬਹੁਤ ਉਦਾਸੀਨ ਨਜ਼ਰ ਆ ਰਹੀ ਹੈ ਤੇ ਵੋਟਰ ਸੂਚੀ ਬਣਨ ਦਾ ਕੰਮ ਵੀਂ ਬਹੁਤ ਹੋਲੀ ਚਲ ਰਿਹਾ ਹੈ ਜਿਸ ਕਰਕੇ ਕਮਿਸ਼ਨ ਕੋਲੋਂ ਕੀਤੀ ਗਈ ਮੰਗ ਤੇ ਉਨ੍ਹਾਂ ਨੇ ਇਸ ਸਮੇਂ ਨੂੰ ਵਧਾ ਕੇ 20 ਅਕਤੂਬਰ ਕਰ ਦਿੱਤਾ ਹੈ ।ਅਸੀਂ ਦਿੱਲੀ ਦੀਆਂ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਆਪਣੀ ਵੋਟਾਂ ਨੂੰ ਬਣਵਾਓ ਅਤੇ ਇਸ ਵਿਚ ਕਿਸੇ ਕਿਸਮ ਦਾ ਸਹਿਯੋਗ ਚਾਹੀਦਾ ਹੈ ਤਾਂ ਅਸੀਂ ਇਸ ਲਈ ਹਰ ਸਮੇਂ ਹਾਜਿਰ ਹਾਂ ।ਉਨ੍ਹਾਂ ਦਸਿਆ ਕਿ ਤੁਸੀਂ ਉਦੋਂ ਤੱਕ ਚੋਣਾਂ ਵਿੱਚ ਵੋਟ ਨਹੀਂ ਪਾ ਸਕਦੇ ਜਦੋਂ ਤੱਕ ਤੁਸੀਂ ਵੋਟ ਪਾਉਣ ਲਈ ਰਜਿਸਟਰ ਨਹੀਂ ਹੋ ਜਾਂਦੇ। ਵੋਟ ਪਾਉਣ ਲਈ ਰਜਿਸਟਰ ਕਰਨ ਲਈ ਤੁਹਾਡੀ ਉਮਰ 18 ਸਾਲ ਹੋਣੀ ਚਾਹੀਦੀ ਹੈ; ਅਤੇ ਤੁਹਾਨੂੰ ਉਸ ਰਾਜ ਦਾ ਨਿਵਾਸੀ ਹੋਣਾ ਚਾਹੀਦਾ ਹੈ ਜਿਸ ਵਿੱਚ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ। ਉਨ੍ਹਾਂ ਦਸਿਆ ਕਿ ਜੇਕਰ ਤੁਹਾਡੀ ਪਿਛਲੀ ਵੋਟਰ ਰਜਿਸਟ੍ਰੇਸ਼ਨ ਤੋਂ ਬਾਅਦ ਤੁਹਾਡਾ ਪਤਾ, ਮਾਨਤਾ ਜਾਂ ਨਾਮ ਬਦਲ ਗਿਆ ਹੈ, ਤਾਂ ਤੁਹਾਨੂੰ ਦੁਬਾਰਾ ਰਜਿਸਟਰ ਕਰਨ ਦੀ ਲੋੜ ਹੋ ਸਕਦੀ ਹੈ।

ਬਰਤਾਨੀਆ ਵਿਚ ਗਾਂਧੀ ਦੇ ਬੁੱਤ ਨੂੰ ਤੋੜਨ ਦਾ ਕਾਰਾ ਆਰਐਸਐਸ ਦਾ ਹੋ ਸਕਦਾ ਹੈ : ਮਾਨ

# ਸਿੱਖ ਕੌਮ ਦੇ ਸਟੇਟਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਨਾ ਕਿ ਕੋਈ ਹੋਰ



ਨਵੀਂ ਦਿੱਲੀ, 30 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):- "ਸਿੱਖ ਕੌਮ ਕਦੇ ਵੀ ਕਿਸੇ ਹੋਰ ਕੌਮ ਦੇ ਬੁੱਤਾਂ, ਇਮਾਰਤਾਂ, ਯਾਦਗਰਾਂ ਜਾਂ ਨਿਸ਼ਾਨੀਆਂ ਨੂੰ ਖਤਮ ਕਰਨ ਜਾਂ ਤੋੜਨ ਦੇ ਗੈਰ ਇਖਲਾਕੀ ਅਮਲ ਨਹੀ ਕਰਦੀ । ਬਲਕਿ ਆਪਣੇ ਉੱਚੇ ਸੁੱਚੇ ਇਖਲਾਕ ਰਾਹੀ ਸਭ ਕੌਮਾਂ ਵਿਚ ਅੱਛਾਈਆ ਨੂੰ ਉਜਾਗਰ ਕਰਕੇ ਮਨੁੱਖਤਾ ਪੱਖੀ ਕਦਰਾਂ ਕੀਮਤਾਂ ਨੂੰ ਆਪਣੇ ਜਨਮ ਤੋ ਹੀ ਪ੍ਰਪੱਕ ਕਰਦੀ ਆਈ ਹੈ । ਕਦੀ ਵੀ ਨਾਂਹਵਾਚਕ ਅਮਲ ਨਹੀ ਕਰਦੀ ਬਲਕਿ ਆਪਣੇ ਫਖ਼ਰ ਵਾਲੇ ਇਤਿਹਾਸ ਤੇ ਪਹਿਰਾ ਦਿੰਦੀ ਹੋਈ ਵੱਡੀ ਤੋ ਵੱਡੀ ਕੁਰਬਾਨੀ ਕਰਦੀ ਹੋਈ ਆਪਣੇ ਕੌਮੀ ਅਤੇ ਸਮਾਜਿਕ ਨਿਸ਼ਾਨਿਆ ਨੂੰ ਪੂਰਨ ਕਰਦੀ ਹੈ । ਇਨ੍ਹਾਂ ਵਿਚ ਆਉਣ ਵਾਲੀ ਕਿਸੇ ਵੱਡੇ ਤੋ ਵੱਡੀ ਰੁਕਾਵਟ ਨੂੰ ਦੂਰ ਕਰਨ ਦੀ ਸਮਰੱਥਾਂ ਰੱਖਦੀ ਹੈ । ਜੋ ਬਰਤਾਨੀਆ ਵਿਚ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਸਾਹਮਣੇ ਆਈ ਹੈ ਉਹ ਕਾਰਾ ਤਾਂ ਇਨ੍ਹਾਂ ਦੀ ਮੁਤੱਸਵੀ ਜਮਾਤ ਆਰ.ਐਸ.ਐਸ ਦਾ ਖੁਦ ਦਾ ਹੋ ਸਕਦਾ ਹੈ ਜਿਨ੍ਹਾਂ ਦੀਆਂ ਅਮਰੀਕਾ, ਕੈਨੇਡਾ ਵਿਚ ਕਾਰਵਾਈਆ ਤੋ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਆਪ ਹੀ ਅਜਿਹੀਆ ਸਾਜਿਸਾਂ ਰਚਦੇ ਹਨ । ਫਿਰ ਆਪ ਹੀ ਸਿੱਖ ਕੌਮ ਨੂੰ ਨਿਸਾਨਾਂ ਬਣਾਕੇ ਬਦਨਾਮ ਕਰਨ ਦੇ ਅਮਲ ਕਰਦੇ ਹਨ । ਜਿਸ ਵਿਚ ਬਹੁਤੀ ਵਾਰੀ ਇਹ ਅਸਫਲ ਹੀ ਸਾਬਤ ਹੋਏ ਹਨ । ਇਨ੍ਹਾਂ ਦਾ ਸੱਚ ਸੰਸਾਰ ਸਾਹਮਣੇ ਆ ਚੁੱਕਾ ਹੈ । ਇਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੈ ਕਿ ਗਾਂਧੀ ਨੂੰ ਮਾਰਨ ਵਾਲੇ ਨੱਥੂ ਰਾਮ ਗੌਡਸੇ ਸਨ । ਜਿਨ੍ਹਾਂ ਨੂੰ ਉਸ ਸਮੇ ਦੇ ਇਨ੍ਹਾਂ ਦੇ ਆਗੂ ਸ੍ਰੀ ਪਟੇਲ ਨੇ ਹਰ ਪੱਖੋ ਬਚਾਉਣ ਦੀ ਕੋਸਿਸ ਕੀਤੀ ਸੀ । ਜੋ ਇਹ ਗਾਂਧੀ ਨੂੰ ਆਪਣਾ ਰਾਸਟਰਪਿਤਾ ਕਹਿਕੇ ਸਾਡੀ ਨਿਵੇਕਲੀ ਤੇ ਅਣਖੀਲੀ ਕੌਮੀ ਪਹਿਚਾਣ ਨੂੰ ਹਿੰਦੂਤਵ ਵਿਚ ਰਲਗਡ ਕਰਨਾ ਚਾਹੁੰਦੇ ਹਨ ਉਸ ਵਿਚ ਇਹ ਇਸ ਲਈ ਕਾਮਯਾਬ ਨਹੀ ਹੋ ਸਕਦੇ ਕਿਉਂਕਿ ਸਾਡਾ ਕੌਮੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ । ਜਿਨ੍ਹਾਂ ਨੇ ਆਪਣਾ ਸਰਬੰਸ ਵਾਰਕੇ ਬਿਨ੍ਹਾਂ ਕਿਸੇ ਜਾਤ-ਪਾਤ, ਊਚ-ਨੀਚ, ਭੇਦਭਾਵ ਤੋ ਸਮੁੱਚੀ ਮਨੁੱਖਤਾ ਤੇ ਇਨਸਾਨੀਅਤ ਉਤੇ ਪਹਿਰਾ ਦਿੱਤਾ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਰਤਾਨੀਆ ਵਿਚ ਗਾਂਧੀ ਦੇ ਬੁੱਤ ਨੂੰ ਪਹੁੰਚਾਏ ਨੁਕਸਾਨ ਸੰਬੰਧੀ ਹੁਕਮਰਾਨਾਂ ਅਤੇ ਮੁਤੱਸਵੀ ਜਮਾਤਾਂ ਵੱਲੋ ਸਿੱਖ ਕੌਮ ਵੱਲ ਇਸਾਰਾ ਕਰਨ ਦੀ ਸਾਜਿਸ ਦਾ ਬਾਦਲੀਲ ਢੰਗ ਨਾਲ ਜੁਆਬ ਦਿੰਦੇ ਹੋਏ ਅਤੇ ਇਹ ਕਾਰਾ ਖੁਦ ਹੀ ਆਰ.ਐਸ.ਐਸ. ਵੱਲੋ ਕਰਨ ਵੱਲ ਇਸਾਰਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਹਿੰਦੂਤਵ ਹੁਕਮਰਾਨ ਹੀ ਹਨ ਜਿਨ੍ਹਾਂ ਨੇ ਸਾਜਸੀ ਢੰਗ ਨਾਲ ਸਾਡੇ ਅਮਰੀਕਾ, ਕੈਨੇਡਾ, ਬਰਤਾਨੀਆ, ਪਾਕਿਸਤਾਨ, ਇੰਡੀਆ ਤੇ ਪੰਜਾਬ ਵਿਚ ਸਿਰਕੱਢ ਸਿੱਖਾਂ ਨੂੰ ਨਿਸ਼ਾਨਾਂ ਬਣਾਕੇ ਕਤਲੇਆਮ ਕੀਤਾ ਜਿਨ੍ਹਾਂ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਅਸਫਲ ਕੋਸਿਸ ਕੀਤੀ । ਇਸ ਸਮੁੱਚੇ ਕਤਲੇਆਮ ਲਈ ਸ੍ਰੀ ਮੋਦੀ ਅਤੇ ਉਸਦੀ ਜਾਲਮ ਜੁੰਡਲੀ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਸਿੱਧੇ ਤੌਰ ਤੇ ਜਿੰਮੇਵਾਰ ਹਨ । ਇਹ ਜੁੰਡਲੀ ਕੌਮਾਂਤਰੀ ਤੌਰ ਤੇ ਉਨ੍ਹਾਂ ਮੁਲਕਾਂ ਦੀ ਵੀ ਵੱਡੀ ਦੋਸ਼ੀ ਹੈ ਜਿਨ੍ਹਾਂ ਦੀ ਇਨ੍ਹਾਂ ਨੇ ਪ੍ਰਭੁਸਤਾ ਨੂੰ ਤੋੜਿਆ ਅਤੇ ਅਮਰੀਕਾ ਦੀ ਮੁਨਰੋ ਡਾਕਟਰੀਨ ਦਾ ਘਾਣ ਕੀਤਾ। ••

ਪਟਿਆਲਾ ਦੇ ਅਨਾਰਦਾਨਾ ਚੌਂਕ ਵਿੱਚ ਧੰਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# 'ਮਹਾਨ ਜਪ ਤਪ ਸਮਾਗਮ' ਆਯੋਜਿਤ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਗੀ ਕਥਾਵਾਚਕ ਸਾਹਿਬਾਨ ਅਤੇ ਸਮੂੰਹ ਸਿੱਖ ਸੰਗਤਾਂ ਨੇ ਭਰੀ ਹਾਜ਼ਰੀ









ਪਟਿਆਲਾ ਦੇ ਅਨਾਰਦਾਨਾ ਚੌਂਕ ਵਿੱਚ ਧੰਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ "ਮਹਾਨ ਜਪ ਤਪ ਸਮਾਗਮ" ਵਿੱਚ ਹਾਜਰੀ ਭਰਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਤੇ ਹਾਜ਼ਰ ਸਮੂੰਹ ਸਿੱਖ ਸੰਗਤਾਂ ਰਾਗੀ ਕਥਾਵਾਚਕ ਸਾਹਿਬਾਨ ,ਸਨਮਾਨਿਤ ਕਰਦੇ ਪ੍ਰਬੰਧਕ।

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




ਆਵਾਜ਼ਿ ਕੌਮ AWAZE QAUM International Newspaper & WEB TV

ਪਿੰਡ ਚਕੇਰੀਆਂ ਸਿਰਸਾ ਗੁਰਦੁਆਰਾ ਸਾਹਿਬ ਵਿਖੇ

# ਮਾਤਾ ਗੁਰਮੀਤ ਕੌਰ ਜੀ ਦੀ ਅੰਤਿਮ ਅਰਦਾਸ ਸੰਪੰਨ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸਿੱਖ ਸੰਗਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ











ਪਿੰਡ ਚਕੇਰੀਆਂ ਸਿਰਸਾ ਗੁਰਦੁਆਰਾ ਸਾਹਿਬ ਵਿਖੇ ਮਾਤਾ ਗੁਰਮੀਤ ਕੌਰ ਜੀ ਦੀ ਅੰਤਿਮ ਅਰਦਾਸ ਸਮੇਂ ਅੱਜ ਸ਼ਰਧਾਂਜਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਾਜ਼ਰ ਸਿੱਖ ਸੰਗਤ।

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

**ਪੰਜਾਬ ਵਫ਼ਦ ਵੱਲੋਂ 16ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ; ਹੜ੍ਹਾਂ ਕਾਰਨ 20,000 ਕਰੋੜ ਰੁਪਏ ਦੇ ਨੁਕਸਾਨ ਦੇ ਮੱਦੇਨਜ਼ਰ**

# ਵਿਸ਼ੇਸ਼ ਪੁਨਰਵਾਸ ਪੈਕੇਜ ਦੀ ਕੀਤੀ ਮੰਗ

**ਨਵੀਂ ਦਿੱਲੀ, 30 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**:-ਪੰਜਾਬ ਸਰਕਾਰ ਦੇ ਇੱਕ ਉੱਚ ਪੱਧਰੀ ਵਫ਼ਦ, ਜਿਸ ਵਿੱਚ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਗ੍ਰਹਿ ਅਤੇ ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਸ਼ਾਮਲ ਸਨ, ਨੇ ਅੱਜ ਨਵੀਂ ਦਿੱਲੀ ਵਿਖੇ 16ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਡਾ. ਅਰਵਿੰਦ ਪਨਗੜ੍ਹੀਆ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਵਿੱਚ ਹਾਲ ਹੀ ਵਿੱਚ ਆਏ ਦਹਾਕਿਆਂ ਦੇ ਸੱਭ ਤੋਂ ਭਿਆਨਕ ਹੜ੍ਹਾਂ, ਜਿਸ ਕਾਰਨ ਫਸਲਾਂ, ਘਰਾਂ ਅਤੇ ਬੁਨਿਆਦੀ ਢਾਂਚੇ ਨੂੰ 20,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ, ਦਾ ਹਵਾਲਾ ਦਿੰਦਿਆਂ, ਸੂਬੇ ਲਈ ਵਿਸ਼ੇਸ਼ ਲੰਬੇ ਸਮੇਂ ਦੇ ਪੁਨਰਵਾਸ ਪੈਕੇਜ ਵਾਸਤੇ ਜੋਰਦਾਰ ਢੰਗ ਨਾਲ ਕੇਸ ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮ ਨੇ ਇਸ ਮੌਕੇ ਇੱਕ ਮੋਹਰੀ ਸਰਹੱਦੀ ਸੂਬੇ ਵਜੋਂ ਵਿਲੱਖਣ ਸਥਿਤੀ, ਹਾਲੀਆ ਕੁਦਰਤੀ ਆਫ਼ਤਾਂ ਅਤੇ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਪ੍ਰਣਾਲੀ ਵਿੱਚ ਤਬਦੀਲੀ ਤੋਂ ਪੈਦਾ ਹੋਏ ਢਾਂਚਾਗਤ ਨੁਕਸਾਨਾਂ ਕਾਰਨ ਪੰਜਾਬ ਦੇ ਵਿੱਤ ’ਤੇ ਪਏ ਭਾਰੀ ਦਬਾਅ ਦਾ ਵਿਸਥਾਰ ਵਿੱਚ ਵਰਨਣ ਕੀਤਾ। ਵਿੱਤ ਮੰਤਰੀ ਨੇ ਰਾਜ ਆਫ਼ਤ ਪ੍ਰਬੰਧਨ ਫੰਡ (ਐਸਡੀਆਰਐਫ) ਦੇ ਨਿਯਮਾਂ ਵਿੱਚ ਸੁਧਾਰ ਦੀ ਤੁਰੰਤ ਲੋੜ ‘ਤੇ ਜੋਰ ਦਿੰਦਿਆਂ ਚਰਚਾ ਦੀ ਸ਼ੁਰੂਆਤ ਕੀਤੀ। ਵਿੱਤ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਮੌਜੂਦਾ ਐਸ.ਡੀ.ਆਰ.ਐਫ ਨਿਯਮ ਬਹੁਤ ਜ਼ਿਆਦਾ ਪਾਬੰਦੀਆਂ ਵਾਲੇ ਅਤੇ ਸਖ਼ਤ ਸਾਬਤ ਹੋਏ ਹਨ, ਜੋ ਸਮੇਂ ਸਿਰ ਅਤੇ ਢੁਕਵੀਂ ਰਾਹਤ ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਯੋਗਤਾ ਨੂੰ ਬੁਰੀ ਤਰ੍ਹਾਂ ਸੀਮਤ ਕਰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਲਈ ਇਹ ਜ਼ਰੂਰੀ ਹੈ ਕਿ ਸੂਬਾ-ਵਿਸ਼ੇਸ਼ ਆਫ਼ਤਾਂ ਲਈ ਲਚਕਦਾਰ ਨਿਯਮਾਂ ਨੂੰ ਸ਼ਾਮਲ ਕਰਨ ਲਈ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਵਿਆਪਕ ਸਮੀਖਿਆ ਕੀਤੀ ਜਾਵੇ। ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ ਇਹ ਜਿਕਰ ਕਰਦਿਆਂ ਕਿ ਪੰਜਾਬ ਦੇ ਐਸ.ਡੀ.ਆਰ.ਐਫ ਵਿੱਚ ਇਸ ਸਮੇਂ 12,268 ਕਰੋੜ ਰੁਪਏ ਦੇ ਕੁੱਲ ਬਕਾਏ ਵਿੱਚੋਂ 7,623 ਕਰੋੜ ਰੁਪਏ ਦੀ ਵਿਆਜ ਦੀ ਵੱਡੀ ਰਕਮ ਹੈ, ਜ਼ੋਰ ਦੇ ਕੇ ਕਿਹਾ ਕਿ ਐਸ.ਡੀ.ਆਰ.ਐਫ ਨੂੰ ਰਾਸ਼ਟਰੀ ਆਫ਼ਤ ਪ੍ਰਬੰਧਨ ਫੰਡ (ਐਨ.ਡੀ.ਆਰ.ਐਫ) ਵਾਂਗ ਇੱਕ ਵਿਆਜ ਰਹਿਤ ਸਹਿਣਸ਼ੀਲ ਰਿਜ਼ਰਵ ਫੰਡ ਵਿੱਚ ਬਦਲਿਆ ਜਾਣਾ ਚਾਹੀਦਾ ਹੈ। ਵਿੱਤ ਕਮਿਸ਼ਨ ਦੇ ਚੇਅਰਮੈਨ ਨੇ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਉਠਾਈ ਗਈ ਚਿੰਤਾ ਨੂੰ ਸਵੀਕਾਰ ਕੀਤਾ ਅਤੇ ਭਰੋਸਾ ਦਿੱਤਾ ਕਿ ਇਸ ਬਾਰੇ ਕਮਿਸ਼ਨ ਦੇ ਮੈਂਬਰਾਂ ਨਾਲ ਉਨ੍ਹਾਂ ਦੀ ਆਉਣ ਵਾਲੀ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। 16ਵੇਂ ਵਿੱਤ ਕਮਿਸ਼ਨ ਨਾਲ ਪਿਛਲੀ ਮੀਟਿੰਗ ਵਿੱਚ ਸੂਬੇ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਦੁਹਰਾਉਂਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੁਸ਼ਮਣ ਦੇਸ਼ਾਂ ਨਾਲ ਸਰਹੱਦੀ ਰਾਜਾਂ ਨੂੰ ਸਮਰਪਿਤ ਵਿੱਤੀ ਸਹਾਇਤਾ ਲਈ ਵੀ ਠੋਸ ਦਲੀਲ ਦਿੱਤੀ। ਉਨ੍ਹਾਂ ਕਮਿਸ਼ਨ ਨੂੰ ਦੱਸਿਆ ਕਿ ਪਾਕਿਸਤਾਨ ਨਾਲ ਵਧੇ ਤਣਾਅ, ਖਾਸ ਕਰਕੇ ਇਸ ਸਾਲ ਦੇ ਸ਼ੁਰੂ ਵਿੱਚ ਆਪ੍ਰੇਸ਼ਨ ਸਿੰਧੂਰ ਦੇ ਮੱਦੇਨਜ਼ਰ, ਰੋਜ਼ਾਨਾ ਜੀਵਨ, ਉਦਯੋਗਿਕ ਗਤੀਵਿਧੀਆਂ ਅਤੇ ਸਾਮਾਨ ਦੀ ਆਵਾਜਾਈ ਵਿੱਚ ਵਾਰ-ਵਾਰ ਵਿਘਨ ਪੈਣ ਕਰਕੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਨੂੰ ਭਾਰੀ ਆਰਥਿਕ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨੂੰ ਡਰੋਨ ਘੁਸਪੈਠ, ਸਰਹੱਦ ਪਾਰੋ ਤਸਕਰੀ ਅਤੇ ਨਾਰਕੋ-ਅੱਤਵਾਦ ਸਮੇਤ ਵਿਲੱਖਣ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਸੁਰੱਖਿਆ ਅਤੇ ਕਾਨੂੰਨ ਲਾਗੂਕਰਨ ਲਈ ਨਿਰੰਤਰ ਅਤੇ ਭਾਰੀ ਨਿਵੇਸ਼ ਦੀ ਮੰਗ ਕਰਦੀਆਂ ਹਨ। ਵਿੱਤ ਮੰਤਰੀ ਨੇ ਚੇਅਰਮੈਨ ਨੂੰ ਜਾਣੂ ਕਰਵਾਇਆ ਕਿ ਸੂਬੇ ਵੱਲੋਂ ਸੀਮਾ ਸੁਰੱਖਿਆ ਬਲ (ਬੀ.ਐਸ.ਐਫ) ਦੇ ਸਮਰਥਨ ਵਿੱਚ ਇੱਕ ਪ੍ਰਭਾਵਸ਼ਾਲੀ ਦੂਜੀ ਰੱਖਿਆ ਲਾਈਨ ਬਣਾਉਣ ਲਈ ਬੁਨਿਆਦੀ ਢਾਂਚੇ ਅਤੇ ਪੁਲਿਸ ਆਧੁਨਿਕੀਕਰਨ ਵਿੱਚ ਭਾਰੀ ਨਿਵੇਸ਼ ਕਰ ਰਿਹਾ ਹੈ। ਵਿੱਤ ਮੰਤਰੀ ਨੇ ਪੁਲਿਸ ਬਲਾਂ ਅਤੇ ਕਾਨੂੰਨ ਲਾਗੂਕਰਨ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਸਮਰਪਿਤ ਸਰਹੱਦੀ ਖੇਤਰ ਪੈਕੇਜ ਦੀ ਬੇਨਤੀ ਕੀਤੀ, ਜਿਸ ਲਈ ਸੂਬੇ ਨੇ ਕਮਿਸ਼ਨ ਨੂੰ ਸੌਂਪੇ ਆਪਣੇ ਮੈਮੋਰੰਡਮ ਵਿੱਚ 2,982 ਕਰੋੜ ਰੁਪਏ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਕੌਮੀ ਸੁਰੱਖਿਆ ਅਤੇ ਖੇਤਰੀ ਸਥਿਰਤਾ ਦੋਵਾਂ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ। ਵਿੱਤ ਮੰਤਰੀ ਚੀਮਾ ਨੇ ਸਰਹੱਦੀ ਜ਼ਿਲ੍ਹਿਆਂ ਲਈ ਇੱਕ ਵਿਸ਼ੇਸ਼ ਉਦਯੋਗਿਕ ਪੈਕੇਜ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਤਣਾਅ ਕਾਰਨ ਸੀਮਤ ਉਦਯੋਗਿਕ ਗਤੀਵਿਧੀਆਂ ਕਾਰਨ ਇਹ ਜ਼ਿਲ੍ਹੇ ਪ੍ਰਤੀ ਵਿਅਕਤੀ ਆਮਦਨ ਵਿੱਚ ਸੂਬੇ ਦੀ ਔਸਤ ਤੋਂ ਲਗਾਤਾਰ ਪਿੱਛੇ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਵਾਹਗਾ ਸਰਹੱਦ, ਜੋ ਕਿ ਇੱਕ ਮਹੱਤਵਪੂਰਨ ਵਪਾਰਕ ਗਲਿਆਰਾ ਹੈ, ਦੇ ਬੰਦ ਹੋਣ ਨਾਲ, ਪ੍ਰਤੀ ਸਾਲ 5,000 - 8,000 ਕਰੋੜ ਰੁਪਏ ਦਾ ਅਨੁਮਾਨਤ ਨੁਕਸਾਨ ਹੋ ਰਿਹਾ ਹੈ, ਜਿਸ ਨਾਲ ਸੂਬੇ ਨੂੰ ਵੱਡਾ ਆਰਥਿਕ ਝਟਕਾ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਢਾਂਚਾਗਤ ਨੁਕਸਾਨ ਨੂੰ ਦੂਰ ਕਰਨ ਅਤੇ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ, ਉਦਯੋਗ ਨੂੰ ਮੁੜ ਸੁਰਜੀਤ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਇੱਕ ਵਿਸ਼ੇਸ਼ ਉਦਯੋਗਿਕ ਵਿਕਾਸ ਪੈਕੇਜ ਜ਼ਰੂਰੀ ਹੈ। ਪੰਜਾਬ ਨੇ ਇਸ ਪੈਕੇਜ ਲਈ ਕੁੱਲ 6,000 ਕਰੋੜ ਰੁਪਏ ਦੀ ਮੰਗ ਕੀਤੀ ਹੈ, ਜਿਸ ਵਿੱਚ ਉਦਯੋਗਿਕ ਵਿਕਾਸ, ਰੱਖ-ਰਖਾਅ ਅਤੇ ਪ੍ਰੋਤਸਾਹਨ ਲਈ ਫੰਡ ਸ਼ਾਮਲ ਹਨ, ਜੋ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਵਰਗੇ ਗੁਆਂਢੀ ਖੇਤਰਾਂ ਲਈ ਪਹਿਲਾਂ ਹੀ ਐਲਾਨੇ ਗਏ ਸਮਾਨ ਪੈਕੇਜਾਂ ਦੇ ਸਮਾਨ ਹੈ। ਵਿੱਤ ਮੰਤਰੀ ਨੇ ਜੀਐਸਟੀ ਸ਼ਾਸਨ ਨੂੰ ਲਾਗੂ ਕਰਨ ਦੇ ਮਾੜੇ ਵਿੱਤੀ ਪ੍ਰਭਾਵਾਂ ਦਾ ਵੀ ਕੀਤਾ। ਉਨ੍ਹਾਂ ਕਿਹਾ ਕਿਹਾ ਕਿ ਸੂਬੇ ਦੇ ਵੱਖ-ਵੱਖ ਟੈਕਸਾਂ ਦੇ ਜੀ.ਐਸ.ਟੀ ਵਿੱਚ ਸ਼ਾਮਿਲ ਕੀਤੇ ਜਾਣ ਕਾਰਨ ਪੰਜਾਬ ਨੂੰ ਪ੍ਰਤੀ ਸਾਲ 49,727 ਕਰੋੜ ਰੁਪਏ ਦਾ ਸਥਾਈ ਨੁਕਸਾਨ ਹੋਇਆ ਹੈ, ਜਿਸ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਜੀ.ਐਸ.ਟੀ ਵਿੱਚ ਲਿਆਂਦੀ ਗਈ ਤਰਕਸ਼ੀਲਤਾ ਦੇ ਸੰਭਾਵਤ ਪ੍ਰਭਾਵ ਕਾਰਨ ਇਸ ਅੰਕੜੇ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਸੂਬਿਆਂ ਲਈ ਵਧੇਰੇ ਵਿੱਤੀ ਸੰਭਾਵਨਾਵਾਂ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ, ਵਿੱਤ ਮੰਤਰੀ ਨੇ 16ਵੇਂ ਵਿੱਤ ਕਮਿਸ਼ਨ ਨੂੰ ਮਹੱਤਵਪੂਰਨ ਸਿਫਾਰਸ਼ਾਂ ਪੇਸ਼ ਕੀਤੀਆਂ। ਪੇਸ਼ ਕੀਤੇ ਗਏ ਮੁੱਖ ਸੁਝਾਵਾਂ ਵਿੱਚ ਸੂਬਿਆਂ ਦੇ ਹਿੱਸੇ ਨੂੰ ਵੰਡਣਯੋਗ ਪੂਲ ਦੇ 50% ਤੱਕ ਵਧਾਉਣਾ (ਮੌਜੂਦਾ 42% ਤੋਂ ਵੱਧ), ਅਤੇ ਵੰਡਣਯੋਗ ਪੂਲ ਵਿੱਚ ਸੈੱਸ, ਸਰਚਾਰਜ ਅਤੇ ਚੋਣਵੇਂ ਗੈਰ-ਟੈਕਸ ਮਾਲੀਏ ਨੂੰ ਸ਼ਾਮਲ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ 15ਵੇਂ ਵਿੱਤ ਕਮਿਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਮਾਲੀਆ ਘਾਟਾ ਗ੍ਰਾਂਟ ਦੀ ਤਰਜ਼ ’ਤੇ ਪੰਜਾਬ ਰਾਜ ਲਈ 75,000 ਕਰੋੜ ਰੁਪਏ ਦੀ ਵਿਕਾਸ ਗ੍ਰਾਂਟ ਦੀ ਬੇਨਤੀ ਕੀਤੀ।



**ਸੰਤ ਬਾਬਾ ਸਰਦਾਰਾਂ ਸਿੰਘ ਅਤੇ ਜਥੇਦਾਰ ਬਾਬਾ ਗੁਰਦੀਪ ਸਿੰਘ ਹੋਇਆ ਨਾਜਾਇਜ਼ ਪਰਚਾ**

# ਇਲਾਕੇ ਦੀ ਸਮੂਹ ਸੰਗਤਾਂ ਵੱਲੋ ਭਾਰੀ ਰੋਸ ਕੀਤਾ ਜਾਵੇ ਝੂਠਾ ਪਰਚਾ ਰੱਦ



**ਚੌਕ ਮਹਿਤਾ, 29 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਪਿੰਡ ਕੋਹਾਲਾ ਜਿਲਾ ਹੁਸ਼ਿਆਰਪੁਰ ਦੀ ਕਾਰ ਸੇਵਾ ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਵਾਲਿਆਂ ਦੀ ਅਗਵਾਈ ਹੇਠ ਚੱਲ ਰਹੀ ਸੀ। ਸੰਤ ਬਾਬਾ ਅਜੈਬ ਸਿੰਘ ਸੱਚਖੰਡ ਸੁਧਾਰ ਗਏ ਉਸ ਤੋਂ ਉਪਰ ਫਿਰ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਸੰਤ ਬਾਬਾ ਸਰਦਾਰਾਂ ਸਿੰਘ ਮੱਖਣਵਿੰਡੀ ਵਾਲਿਆਂ ਦੀ ਅਗਵਾਈ ਹੇਠ ਚੱਲ ਰਹੀ ਸੀ। ਸੰਤ ਬਾਬਾ ਸਰਦਾਰਾਂ ਨੇ ਗੁਰਦੁਆਰਾ ਕਾਰ ਸੇਵਾ ਜਥੇਦਾਰ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਨੂੰ ਸੋਪ ਦਿੱਤੀ ਗਈ ਬਹੁਤ ਵਧੀਆ ਢੰਗ ਨਾਲ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਜਥੇਦਾਰ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲੇ ਕਰ ਰਹੇ ਹਨ। ਦਿਨ ਰਾਤ ਚੌਵੀ ਘੰਟੇ ਗੁਰੂ ਦਾ ਲੰਗਰ ਚੱਲਦਾ ਰਹਿੰਦਾ ਸੀ ਯਾਤਰੀਆਂ ਨੂੰ ਰਾਤ ਵੇਲੇ ਸਮਾਂ ਪਾਸ ਕਰਨ ਲਈ ਸੇਵਾ ਜਥੇਦਾਰ ਬਾਬਾ ਗੁਰਦੀਪ ਸਿੰਘ ਨਿਮਾਣੇ ਨਿਤਾਣੇ ਹੋਕੇ ਸੰਗਤਾਂ ਦੀ ਸੇਵਾ ਕਰ ਰਹੇ ਹਨ, ਕੁਝ ਸਮਾ ਬਾਬਾ ਗੁਰਦੀਪ ਸਿੰਘ ਵਿਦੇਸ਼ ਜਾਣ ਪਇਆ ਬਾਬਾ ਜੀ ਕਾਰ ਸੇਵਾ ਫਿਰ ਸੰਤ ਬਾਬਾ ਸਰਰਾਰਾ ਸਿੰਘ ਸੌਂਪ ਗਏ ਸੰਤ ਬਾਬਾ ਸਰਦਾਰਾਂ ਸਿੰਘ ਕਾਫੀ ਗੁਰਦੁਆਰਾ ਸਾਹਿਬ ਸੇਵਾ ਰਹੇ ਸਨ ਬਾਬਾ ਜੀ ਕੁਝ ਸਮਾਂ ਸੁਖਵੀਰ ਸਿੰਘ ਪੁੱਤਰ ਗੁਰਮੀਤ ਸਿੰਘ ਤਨਖਾਹ ਉੱਤੇ ਸੇਵਾਦਾਰ ਰੱਖਿਆ ਗਿਆ। ਪਰ ਸੁਖਵੀਰ ਸਿੰਘ ਜੋ ਵੀ ਉਥੇ ਮਾਇਆ ਭੇਟਾਂ ਚੜਦੀ ਸੀ ਉਹ ਆਪਣੇ ਘਰ ਲੈ ਜਾਂਦਾ ਸੀ। ਇਸ ਬਾਰੇ ਬਹੁਤ ਵਾਰ ਸੰਗਤਾਂ ਨੇ ਬਾਬਾ ਸਰਦਾਰਾਂ ਸਿੰਘ ਦੱਸਿਆ ਪਰ ਬਾਬਾ ਜੀ ਬਹੁਤ ਇੱਕ ਪਰਉਪਕਾਰੀ ਨਿਮ੍ਰਤਾ ਵਿੱਚ ਰਹਿਣ ਵਾਲੇ ਸਨ। ਬਾਬਾ ਜੀ ਸੰਗਤਾਂ ਨੂੰ ਕਹਿੰਦੇ ਆਪੇ ਲੇਖਾ ਜੋਖਾ ਪਰਮੇਸ਼ੁਰ ਨੂੰ ਦੇਵਾਂਗਾ। ਨਾ ਉਹ ਕਿਸੇ ਨੂੰ ਲੰਗਰ ਛੱਕਉਦਾ ਸੀ ਨਾ ਹੀ ਗੁਰੂ ਘਰ ਦੀ ਸਫਾਈ ਵੱਲ ਧਿਆਨ ਦਿੰਦਾ ਸੀ ਇਲਾਕੇ ਦੀ ਸੰਗਤਾਂ ਬਹੁਤ ਨਿਰਾਸ਼ ਸਨ। ਵਿਦੇਸ਼ਾ ਦੀ ਯਾਤਰਾ ਕਰਕੇ ਗੁਰੂ ਘਰ ਪਰਚਾਰ ਕਰਕੇ ਜਥੇਦਾਰ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲੇ ਆ ਗਏ। ਉਥੇ ਦੀਆਂ ਸੰਗਤਾਂ ਜਦੋਂ ਪਤਾ ਲੱਗਾ ਕਿ ਬਾਬਾ ਜੀ ਵਿਦੇਸ਼ਾਂ ਤੋਂ ਪੰਜਬ ਆ ਗਏ ਹਨ ਤਾਂ ਸੰਗਤਾਂ ਨੇ ਸੰਤ ਬਾਬਾ ਸਰਦਾਰਾਂ ਸਿੰਘ ਨੂੰ ਬੇਨਤੀ ਕੀਤੀ ਕਿ ਸੇਵਾ ਬਾਬਾ ਗੁਰਦੀਪ ਸਿੰਘ ਨੂੰ ਦਿੱਤੀ ਜਾਵੇ ਤਾਂ ਸੰਤ ਬਾਬਾ ਸਰਦਾਰਾਂ ਸਿੰਘ ਨੇ ਸੰਗਤਾਂ ਦੀ ਬੇਨਤੀ ਕਰਵਾਨ ਕਰਕੇ ਸੰਗਤਾਂ ਦੀ ਹਾਜਰੀ ਵਿੱਚ ਕਾਰ ਸੇਵਾ ਜਥੇਦਾਰ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਨੂੰ ਸੌਂਪ ਦਿੱਤੀ। ਜਦੋਂ ਜਥੇਦਾਰ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਦੇਖਿਆ ਕਿ ਬਹੁਤ ਗੰਦਕੀ ਅਤੇ ਹੀ ਕੋਈ ਲੰਗਰ ਦਾ ਪ੍ਰਬੰਧ ਹੈ। ਤਾ ਬਾਬਾ ਗੁਰਦੀਪ ਸਿੰਘ ਸੇਵਾਦਾਰਾਂ ਨੂੰ ਨਾਲ ਲੈਕੇ ਬਹੁਤ ਸਫਾਈ ਕਰਾ, ਲੰਗਰ ਚੌਵੀ ਘੰਟੇ ਤਿਆਰ ਹੋਣ ਪਇਆ। ਸੰਗਤਾਂ ਬਹੁਤ ਖੁਸ ਸਨ ਤਾਂ ਸੁਖਵੀਰ ਸਿੰਘ ਬਹੁਤ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਤਾ ਬਾਬਾ ਗੁਰਦੀਪ ਸਿੰਘ ਨੇ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕੀਤੀ ਤਾ ਤਾਂ ਉਲਟਾ ਸੁਖਵੀਰ ਸਿੰਘ ਸੰਤ ਬਾਬਾ ਸਰਦਾਰਾਂ ਸਿੰਘ ਅਤੇ ਜਥੇਦਾਰ ਬਾਬਾ ਗੁਰਦੀਪ ਸਿੰਘ ਤੇ ਝੂਠਾਂ ਪਰਚਾ ਕਰਾ ਦਿੱਤਾ। ਅਸੀ ਬਿਲਕੁਲ ਨਿਰਦੋਸ਼ ਹਾਂ ਉਥੋ ਸੰਗਤਾਂ ਵੱਲੋਂ ਭਾਰੀ ਮੰਗ ਕੀਤੀ ਹੈ ਕਿ ਬਾਬਾ ਜੀ ਤੇ ਪਰਚੇ ਰੱਦ ਕੀਤੇ ਜਾਣ।

# ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਨੂੰ ਸਮੁੱਚੀਆਂ ਪੰਥਕ ਧਿਰਾਂ ਦਾ ਸਾਂਝਾ ਉਮੀਦਵਾਰ ਬਣਾਉਣ ਲਈ ਬੀਬੀ ਖਾਲੜਾ ਅੱਗੇ ਆਉਣ : ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਇੱਕ ਵਾਰ ਫਿਰ ਭਾਈ ਸੰਦੀਪ ਸਿੰਘ ਸੰਨੀ ਦੇ ਹੱਕ ’ਚ ਜ਼ੋਰਦਾਰ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਤਰਨ ਤਾਰਨ ਦੀ ਜ਼ਿਮਨੀ ਚੋਣ ’ਚ ਸਾਰੀਆਂ ਪੰਥਕ ਜਥੇਬੰਦੀਆਂ ਦੀ ਸਹਿਮਤੀ ਨਾਲ ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਨੂੰ ਸਾਂਝਾ ਉਮੀਦਵਾਰ ਬਣਾਇਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਰਬੱਤ ਖ਼ਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਾਰੇ ਅਕਾਲੀ ਦਲਾਂ ਅਤੇ ਪੰਥਕ ਜਥੇਬੰਦੀਆਂ ਨੂੰ ਇਹ ਹੁਕਮ ਜਾਰੀ ਕਰਨਾ ਚਾਹੀਦਾ ਹੈ ਕਿ ਤਰਨ ਤਾਰਨ ਦੀ ਚੋਣ ’ਚ ਭਾਈ ਸੰਦੀਪ ਸਿੰਘ ਸੰਨੀ ਦੇ ਮੁਕਾਬਲੇ ਕੋਈ ਵੀ ਉਮੀਦਵਾਰ ਨਾ ਉਤਾਰਿਆ ਜਾਏ। ਉਹਨਾਂ ਬਾਦਲਕਿਆਂ ਨੂੰ ਵੀ ਕਿਹਾ ਕਿ ਉਹ ਸਿੱਖ ਵੋਟ ਵੰਡਣ ਦਾ ਕੋਝਾ ਯਤਨ ਨਾ ਕਰਨ ਤੇ ਤਰਨ ਤਾਰਨ ਤੋਂ ਆਪਣਾ ਉਮੀਦਵਾਰ ਤੁਰੰਤ ਵਾਪਸ ਲੈਣ। ਜੇਕਰ ਬਾਦਲ ਦਲ ਅਜਿਹਾ ਨਹੀਂ ਕਰਦਾ ਤਾਂ ਉਸ ਉੱਤੇ ਹੁਣ ਇੱਕ ਹੋਰ ਕਲੰਕ ਲੱਗੇਗਾ ਜਿਵੇਂ 2024 ਵਿੱਚ ਬਾਦਲਕਿਆਂ ਨੇ ਖਡੂਰ ਸਾਹਿਬ ਹਲਕੇ ਤੋਂ ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਵਿਰਸਾ ਸਿੰਘ ਵਲਟੋਹਾ ਨੂੰ ਖੜ੍ਹਾ ਕੀਤਾ ਸੀ ਪਰ ਬਾਦਲਕਿਆਂ ਨੂੰ ਮੂੰਹ ਦੀ ਖਾਣੀ ਪਈ।

ਭਾਈ ਰਣਜੀਤ ਸਿੰਘ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਇੱਕ ਵਾਰ ਦੁਬਾਰਾ ਫਿਰ ਅਪੀਲ ਕੀਤੀ ਕਿ ਜਿਵੇਂ ਉਹਨਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਵਿੱਚ ਕਿੰਗ ਮੇਕਰ ਵਜੋਂ ਸ਼ਾਨਦਾਰ ਭੂਮਿਕਾ ਨਿਭਾਈ ਉਸੇ ਤਰ੍ਹਾਂ ਬੀਬੀ ਖਾਲੜਾ ਜੀ ਹੁਣ ਵੀ ਭਾਈ ਸੰਦੀਪ ਸਿੰਘ ਸੰਨੀ ਨੂੰ ਸਮੁੱਚੀਆਂ ਪੰਥਕ ਧਿਰਾਂ ਦਾ ਸਾਂਝਾ ਉਮੀਦਵਾਰ ਬਣਾਉਣ ਲਈ ਯਤਨ ਕਰਨ ਅਤੇ ਭਾਈ ਸੰਨੀ ਦੀ ਚੋਣ ਮੁਹਿੰਮ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਇੱਕ ਹੋਰ ਸ਼ਾਨਦਾਰ ਇਤਿਹਾਸ ਨੂੰ ਜਨਮ ਦੇਣ। ਉਹਨਾਂ ਕਿਹਾ ਕਿ ਖਾਲੜਾ ਪਰਿਵਾਰ ਦੀ ਘਾਲਣਾ ਨੂੰ ਹਮੇਸ਼ਾਂ ਯਾਦ ਰੱਖਿਆ ਜਾਏਗਾ, ਬੀਬੀ ਖਾਲੜਾ ਜੀ ਇਸ ਸਮੇਂ ਪੰਥ ਅਤੇ ਪੰਜਾਬ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਭਾਈ ਸੰਦੀਪ ਸਿੰਘ ਸੰਨੀ ਲਈ ਮੋਰਚਾ ਸੰਭਾਲਣ। ਫੈਡਰੇਸ਼ਨ ਆਗੂਆਂ ਨੇ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਵੀ ਅਪੀਲ ਕੀਤੀ ਕਿ ਉਹ ਭਾਈ ਸੰਦੀਪ ਸਿੰਘ ਸੰਨੀ ਨੂੰ ਹੀ ਸਮਰਥਨ ਦੇਣ।

ਫੈਡਰੇਸ਼ਨ ਆਗੂਆਂ ਨੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ (ਨਜ਼ਰਬੰਦ ਡਿਬਰੂਗੜ੍ਹ ਜੇਲ੍ਹ) ਦੇ ਪਿਤਾ ਭਾਈ ਤਰਸੇਮ ਸਿੰਘ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਸਮੂਹ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਭਾਈ ਸੰਦੀਪ ਸਿੰਘ ਸੰਨੀ ਨੂੰ ਆਪਣੀ ਪਾਰਟੀ ਵੱਲੋਂ ਚੋਣ ਲੜਾਉਣ ਦੀ ਬਜਾਏ ਸਗੋਂ ਪੰਥ ਦੇ ਵਡੇਰੇ ਹਿੱਤਾਂ ਲਈ ਉਸ ਨੂੰ ਸਾਂਝੇ ਪੰਥਕ ਉਮੀਦਵਾਰ ਵਜੋਂ ਸਮਰਥਨ ਦੇਣ। ਭਾਈ ਰਣਜੀਤ ਸਿੰਘ ਨੇ ਖਾਲਿਸਤਾਨੀ ਜਰਨੈਲ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ, ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ, ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਮੋਹਕਮ ਸਿੰਘ, ਭਾਈ ਸਰਬਜੀਤ ਸਿੰਘ ਮਲੋਆ ਐਮ ਪੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਾਰੇ ਪੰਥਕ ਆਗੂ ਇਸ ਸਮੇਂ ਭਾਈ ਸੰਦੀਪ ਸਿੰਘ ਸੰਨੀ ਨੂੰ ਜਿਤਾਉਣ ਲਈ ਅੱਗੇ ਆਉਣ।

# ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਸ. ਜਸਜੀਤ ਸਿੰਘ ਸਮੁੰਦਰੀ ਦੇ ਅਕਾਲ ਚਲਾਣੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ

**ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਸਾਬਕਾ ਸੀਨੀਅਰ ਜੰਗਲਾਤ ਅਧਿਕਾਰੀ ਅਤੇ ਪ੍ਰਸਿੱਧ ਆਈਐਫਐਸ ਅਧਿਕਾਰੀ ਸ. ਜਸਜੀਤ ਸਿੰਘ ਸਮੁੰਦਰੀ ਦੇ ਅਕਾਲ ਚਲਾਣੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਧਾਰਮਿਕ ਬਿਰਤੀ ਵਾਲੇ ਸ. ਜਸਜੀਤ ਸਿੰਘ, ਸਾਬਕਾ ਅਮਰੀਕੀ ਰਾਜਦੂਤ ਅਤੇ ਭਾਜਪਾ ਆਗੂ ਸ. ਤਰਨਜੀਤ ਸਿੰਘ ਸੰਧੂ ਦੇ ਵੱਡੇ ਭਰਾ ਸਨ ਅਤੇ ਲੰਬੀ ਬਿਮਾਰੀ ਤੋਂ ਬਾਅਦ ਕੈਨੇਡਾ ਵਿੱਚ ਅੱਜ ਸਵੇਰੇ ਆਪਣੇ ਅਖੀਰਲੇ ਸਾਹ ਲਏ। ਪ੍ਰੋ. ਖਿਆਲਾ ਨੇ ਕਿਹਾ ਕਿ ਸ. ਜਸਜੀਤ ਸਿੰਘ ਸਮੁੰਦਰੀ ਦਾ ਪਰਿਵਾਰ ਸਿੱਖ ਇਤਿਹਾਸ ਅਤੇ ਜਨਸੇਵਾ ਦੀਆਂ ਮਹਾਨ ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ। ਉਹ ਸ. ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਅਤੇ ਮਹਾਨ ਸਿੱਖ ਸ਼ਖ਼ਸੀਅਤ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤੇ ਸਨ। ਸ. ਤੇਜਾ ਸਿੰਘ ਸਮੁੰਦਰੀ ਦਾ ਨਾਮ ਸਿੱਖ ਪੰਥ ਦੀ ਆਜ਼ਾਦੀ, ਸ਼੍ਰੋਮਣੀ ਕਮੇਟੀ ਦੀ ਸਥਾਪਨਾ ਅਤੇ ਗੁਰਮਤਿ ਅਧਾਰਿਤ ਮੋਰਚਿਆਂ ਨਾਲ ਸਦਾ ਜੁੜਿਆ ਰਹੇਗਾ। ਪ੍ਰੋ. ਖਿਆਲਾ ਨੇ ਕਿਹਾ ਕਿ ਸਮੁੰਦਰੀ ਪਰਿਵਾਰ ਨੇ ਹਮੇਸ਼ਾਂ ਪ੍ਰਸ਼ਾਸਨਿਕ, ਸਮਾਜਿਕ ਅਤੇ ਧਾਰਮਿਕ ਮੈਦਾਨ ਵਿੱਚ ਕੌਮ ਅਤੇ ਦੇਸ਼ ਲਈ ਅਮੁੱਲੀਆਂ ਸੇਵਾਵਾਂ ਨਿਭਾਈਆਂ ਹਨ। ਇਸ ਵੱਡੀ ਵਿਰਾਸਤ ਦੇ ਉੱਤਰਾਧਿਕਾਰੀ ਸ. ਜਸਜੀਤ ਸਿੰਘ ਦਾ ਵਿਛੋੜਾ ਸਿਰਫ ਪਰਿਵਾਰ ਲਈ ਨਹੀਂ ਸਗੋਂ ਸਮੁੱਚੀ ਸੰਗਤ ਅਤੇ ਸਮਾਜ ਲਈ ਵੀ ਅਪੂਰਣੀਯ ਘਾਟਾ ਹੈ। ਇਸ ਦੁਖਦ ਘੜੀ ਵਿੱਚ ਪ੍ਰੋ. ਖਿਆਲਾ ਨੇ ਸਮੁੰਦਰੀ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰੇ।



### ਪੰਜਾਬ 'ਚ ਆਏ ਹੜ੍ਹਾਂ ਕਾਰਨ ਹੋਈ ਬਰਬਾਦੀ ਲਈ

# ਕੇਂਦਰ ਤੇ ਪੰਜਾਬ ਸਰਕਾਰ ਬਰਾਬਰ ਜ਼ਿੰਮੇਵਾਰ : ਬਾਪੂ ਤਰਸੇਮ ਸਿੰਘ



**ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਅੰਮ੍ਰਿਤਸਰ ਪ੍ਰੈਸ ਕਲੱਬ ਵਿੱਚ ਇਕ ਅਹਿਮ ਪ੍ਰੈਸ ਕਾਨਫਰੰਸ ਕਰਕੇ ਹਾਲੀਆ ਹੜ੍ਹਾਂ ਨਾਲ ਪੰਜਾਬ ਭਰ ਵਿੱਚ ਹੋਈ ਵੱਡੀ ਤਬਾਹੀ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਦੀ ਬੇਧਿਆਨੀ ਨੂੰ ਬੇਨਕਾਬ ਕੀਤਾ ਗਿਆ। ਇਸ ਕਾਨਫਰੰਸ ਦੀ ਅਗਵਾਈ ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਕੀਤੀ। ਇਸ ਮੌਕੇ ਤੇ ਬਾਪੂ ਤਰਸੇਮ ਜੀ ਦੇ ਨਾਲ ਭਾਈ ਪਰਮਜੀਤ ਸਿੰਘ ਜੌਹਲ, ਭਾਈ ਹਰਭਜਨ ਸਿੰਘ ਜੀ ਤੁੜ, ਭਾਈ ਅਮਰਜੀਤ ਸਿੰਘ ਜੀ ਵੰਨਚਿੜੀ, ਭਾਈ ਸੁਖਦੇਵ ਸਿੰਘ ਜੀ ਕਾਦੀਆਂ, ਭਾਈ ਅਮਨਦੀਪ ਸਿੰਘ ਡੱਡੂਆਣਾਂ, ਭਾਈ ਦਇਆ ਸਿੰਘ ਜੀ, ਭਾਈ ਸ਼ਮਸ਼ੇਰ ਸਿੰਘ ਜੀ ਪੱਧਰੀ, ਭਾਈ ਪ੍ਰਗਟ ਸਿੰਘ ਜੀ ਮੀਆਂਵਿੰਡ ਅਤੇ ਭਾਈ ਜਸਵਿੰਦਰ ਸਿੰਘ ਬਾਦਲ ਤੋਂ ਇਲਾਵਾ ਹੋਰ ਵੀ ਪਾਰਟੀ ਆਗੂ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਬਾਪੂ ਤਰਸੇਮ ਸਿੰਘ ਜੀ ਨੇ ਦੱਸਿਆ ਕਿ 3 ਸਤੰਬਰ ਨੂੰ ਦੇਸ਼ ਦੇ ਗ੍ਰਹਿ ਮੰਤਰੀ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਜੀ ਲਈ ਘੱਟੋ-ਘੱਟ ਇੱਕ ਮਹੀਨੇ ਦੀ ਪੈਰੋਲ ਅਤੇ ਸੰਸਦੀ ਫੰਡ ਜਾਰੀ ਕਰਨ ਲਈ ਜੋ ਮੰਗ ਪੱਤਰ ਦਿੱਤਾ ਗਿਆ ਸੀ, ਉਸਨੂੰ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬੇਤੁਕੇ ਤਰਕਾਂ ਨਾਲ ਰੱਦ ਕਰ ਦਿੱਤਾ ਗਿਆ। ਉਹਨਾਂ ਕਿਹਾ ਕਿ "ਇਹ ਫੈਸਲਾ ਨਾਂ ਸਿਰਫ਼ ਲੋਕਤੰਤਰ ਦੇ ਬੁਨਿਆਦੀ ਅਧਿਕਾਰਾਂ ਤੇ ਸਿੱਧਾ ਹਮਲਾ ਹੈ, ਸਗੋਂ ਇਹ ਸਵਾਲ ਵੀ ਖੜ੍ਹਾ ਕਰਦਾ ਹੈ ਕਿ ਜੇਕਰ ਇਕ ਚੁਣੇ ਹੋਏ ਨੁਮਾਇੰਦੇ ਦੇ ਹੱਕਾਂ ਨੂੰ ਇੰਨੀ ਅਸਾਨੀ ਨਾਲ ਰੌਂਦਿਆ ਜਾ ਸਕਦਾ ਹੈ ਤਾਂ ਆਮ ਇਨਸਾਨ ਦੇ ਹੱਕਾਂ ਦੀ ਰੱਖਿਆ ਕੌਣ ਕਰੇਗਾ ?" ਭਾਈ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਦੀ ਮੰਗ ਸਿਰਫ਼ ਇਸ ਲਈ ਕੀਤੀ ਗਈ ਸੀ ਤਾਂ ਜੋ ਉਹ ਆਪਣੇ ਹਲਕਾ ਖਡੂਰ ਸਾਹਿਬ ਵਿੱਚ ਆ ਕੇ ਹੜ੍ਹਾਂ ਕਾਰਨ ਪੀੜਤ ਲੋਕਾਂ ਨਾਲ ਖੜ੍ਹ ਸਕਣ, ਰਾਹਤ ਕਾਰਜਾਂ ਦੀ ਨਿਗਰਾਨੀ ਕਰ ਸਕਣ ਅਤੇ ਸੰਸਦੀ ਫੰਡ ਦੇ ਸਹੀ ਪ੍ਰਯੋਗ ਨੂੰ ਯਕੀਨੀ ਬਣਾਉਣ। ਬਾਪੂ ਜੀ ਨੇ ਕਿਹਾ ਕਿ ਇਹ ਘਟਨਾ ਸਿਰਫ਼ ਇਕ ਚੁਣੇ ਹੋਏ ਸੰਸਦ ਮੈਂਬਰ ਦੇ ਨਾਲ ਬੇਇਨਸਾਫੀ ਨਹੀਂ, ਸਗੋਂ ਪੂਰੇ ਪੰਜਾਬ ਦੇ ਲੋਕਾਂ ਨਾਲ ਕੀਤੀ ਗਈ ਧੱਕੇਸ਼ਾਹੀ ਹੈ। "ਇਹ ਸੋਚਣ ਵਾਲੀ ਗੱਲ ਹੈ ਕਿ ਜੇ ਲੋਕਾਂ ਦਾ ਚੁਣਿਆ MP ਵੀ ਆਪਣੇ ਹਲਕੇ ਦੇ ਦੁੱਖ-ਦਰਦ ਵਿੱਚ ਹਿੱਸਾ ਨਹੀਂ ਲੈ ਸਕਦਾ, ਤਾਂ ਆਮ ਗਰੀਬ ਕਿਸਾਨ ਜਾਂ ਮਜ਼ਦੂਰ ਸਰਕਾਰ ਤੋਂ ਨਿਆਂ ਦੀ ਉਮੀਦ ਕਿਵੇਂ ਕਰ ਸਕਦੇ ਹਨ।



## ਭਾਈ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਸਬੰਧੀ ਦਿੱਤੇ ਮੰਗ ਪੱਤਰ ਨੂੰ ਸਰਕਾਰ ਵੱਲੋਂ ਰੱਦ ਕੀਤੇ ਜਾਣ ਦੀ ਜੋਰਦਾਰ ਨਿਖੇਧੀ

ਇਸਦੇ ਨਾਲ ਹੀ ਬਾਪੂ ਤਰਸੇਮ ਸਿੰਘ ਜੀ ਨੇ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਹੋਈ ਬਰਬਾਦੀ ਦਾ ਖੁਲਾਸਾ ਕਰਦਿਆਂ ਇਹ ਦੋਸ਼ ਲਗਾਇਆ ਕਿ ਦਰਿਆਵਾਂ ਦੇ ਕਿਨਾਰਿਆਂ ਦੀ ਮਜ਼ਬੂਤੀ, ਡਰੇਨੇਜ਼ ਸਿਸਟਮ ਦੀ ਮੁਰੰਮਤ ਅਤੇ ਪੁਰਾਣੇ ਬੰਨ੍ਹਾਂ ਦੀ ਸੰਭਾਲ ਵਿੱਚ ਸਰਕਾਰਾਂ ਨੇ ਗੰਭੀਰ ਲਾਪਰਵਾਹੀ ਕੀਤੀ, ਜਿਸ ਕਾਰਨ ਸੈਂਕੜੇ ਪਿੰਡ ਪਾਣੀ ਦੀ ਲਪੇਟ ਵਿੱਚ ਆ ਗਏ, ਜਾਨਾਂ ਗਈਆਂ, ਹਜ਼ਾਰਾਂ ਘਰ ਬਰਬਾਦ ਹੋਏ ਅਤੇ ਲੱਖਾਂ ਏਕੜ ਫਸਲ ਪੂਰੀ ਤਰ੍ਹਾਂ ਨਾਸ਼ ਹੋ ਗਈ। ਉਹਨਾਂ ਨੇ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਗਏ 1600 ਕਰੋੜ ਦੇ ਰਾਹਤ ਪੈਕੇਜ ਨੂੰ "ਇਕ ਮਜ਼ਾਕ" ਕਰਾਰ ਦਿੱਤਾ ਅਤੇ ਦੋਸ਼ ਲਗਾਇਆ ਕਿ ਕੇਂਦਰ ਤੇ ਪੰਜਾਬ ਸਰਕਾਰ ਆਪਸੀ ਸਿਆਸੀ ਮਿਹਣੋਂ-ਮਿਹਣੀ ਵਿੱਚ ਮਸਰੂਫ਼ ਹਨ, ਪਰ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾ ਰਹੀ। ਉਹਨਾਂ ਖੁਲਾਸਿਆਂ ਸਹਿਤ ਦੱਸਿਆ ਕਿ ਰਿਪੋਰਟਾਂ ਮੁਤਾਬਕ ਲਗਭਗ 1500-2000 ਪਿੰਡ, 3-4 ਲੱਖ ਲੋਕ, ਅਤੇ 2-3 ਲੱਖ ਏਕੜ ਖੇਤੀਯੋਗ ਜ਼ਮੀਨ ਹੜ੍ਹਾਂ ਨਾਲ ਪ੍ਰਭਾਵਿਤ ਹੋਈ। ਸਰਕਾਰੀ ਅਨੁਮਾਨ ਅਨੁਸਾਰ ਆਰਥਿਕ ਨੁਕਸਾਨ 13,000-14,000 ਕਰੋੜ ਤੱਕ ਪਹੁੰਚਦਾ ਹੈ ਅਤੇ ਲਗਭਗ 50 ਮੌਤਾਂ ਹੋ ਚੁੱਕੀਆਂ ਹਨ। ਉਹਨਾਂ ਨੇ ਕਿਹਾ ਕਿ ਡੈਮਾਂ ਵਿੱਚ ਜਮਾਂ ਪਾਣੀ ਸਮੇਂ 'ਤੇ ਹੋਲੀ-ਹੋਲੀ ਨਾ ਛੱਡਣਾ ਵੀ ਇੱਕ ਵੱਡਾ ਕਾਰਨ ਹੈ, ਜਿਸ ਨਾਲ ਜਾਣ-ਬੁੱਝ ਕੇ ਪੰਜਾਬ ਨਾਲ ਬਦਲਾ ਲੈਣ ਵਾਲੀ ਸੋਚ ਸਪਸ਼ਟ ਹੁੰਦੀ ਹੈ। ਪਰ ਸਾਡੀ ਪਾਰਟੀ ਦੇ ਜੁਝਾਰੂ ਵਰਕਰਾਂ ਨੇ ਸੰਗਤ ਦੇ ਸਹਿਯੋਗ ਨਾਲ ਇਕ ਜਜ਼ਬੇ ਨਾਲ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ ਪੰਜਾਬ ਦੇ ਸਾਰੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ 21 ਰਾਹਤ ਕੈਂਪ ਲਗਾਇਆ ਅਤੇ ਵੱਡੀ ਮਾਤਰਾ ਵਿੱਚ ਹਰ ਪ੍ਰਕਾਰ ਦੀ ਰਾਹਤ ਸਮੱਗਰੀ ਤਰਤੀਬ ਅਨੁਸਾਰ ਹੜ੍ਹ ਪੀੜਤਾਂ ਤੱਕ ਪਹੁੰਚਾਈ ਗਈ। ਉਹਨਾਂ ਦੱਸਿਆ ਇਕ ਇਥੇ ਹੀ ਬੱਸ ਨਹੀਂ ਅਜੇ ਵੀ ਅਕਾਲੀ ਦਲ ਵਾਰਿਸ ਪੰਜਾਬ ਦੇ 15 ਕੈਂਪ ਸਟੈਂਡ ਬਾਏ ਹਨ ਅਤੇ ਬਰਬਾਦ ਹੋਈਆਂ ਜਮੀਨ ਨੂੰ ਦੋਬਾਰਾ ਵਾਹੀਯੋਗ ਬਣਾਂਕੇ ਬਿਜਾਈ ਦੀ ਕਰਨ ਦੀ ਸੇਵਾ ਜਾਰੀ ਹੈ। ਬਾਪੂ ਤਰਸੇਮ ਸਿੰਘ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਸਰਕਾਰਾਂ ਦੀ ਬੇਧਿਆਨੀ ਕਾਰਨ ਹੋਏ ਨੁਕਸਾਨ ਵੱਲ ਧਿਆਨ ਦਿਵਾਉਂਦਿਆਂ ਹੇਠ ਲਿਖੀਆਂ ਮੰਗਾਂ ਵੀ ਰੱਖੀਆਂ

**ਪਾਰਟੀ ਦੀਆਂ ਮੁੱਖ ਮੰਗਾਂ :** 1. ਹੜ੍ਹਾਂ ਦੇ ਕਾਰਣਾਂ ਦੀ ਨਿਆਂਇਕ ਜਾਂਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਰਿਟਾਇਰਡ ਜੱਜਾਂ ਦੀ ਨਿਗਰਾਨੀ ਹੇਠ ਕੀਤੀ ਜਾਵੇ।

2. BBMB (ਭਾਖੜਾ ਬਿਆਸ ਮੈਨੇਜਮੈਂਟ ਬੋਰਡ) ਦੇ ਸਾਰੇ ਅਧਿਕਾਰ ਪੂਰੀ ਤਰ੍ਹਾਂ ਪੰਜਾਬ ਨੂੰ ਸੌਂਪੇ ਜਾਣ।

3. ਪੰਜਾਬ ਲਈ 1600 ਕਰੋੜ ਤੋਂ ਵਧਾ ਕੇ ਘੱਟੋ-ਘੱਟ 25 ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਰਾਹਤ ਪੈਕੇਜ ਐਲਾਨਿਆ ਜਾਵੇ।

4. ਹੜ੍ਹਾਂ ਕਾਰਨ ਤਬਾਹ ਹੋਈਆਂ ਫਸਲਾਂ, ਘਰਾਂ ਅਤੇ ਪਸ਼ੂਆਂ ਲਈ ਸਿੱਧਾ ਮੁਆਵਜ਼ਾ ਪ੍ਰਭਾਵਿਤ ਕਿਸਾਨਾਂ ਤੇ ਮਜਦੂਰਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ।

5. ਹੜ੍ਹਾਂ ਲਈ ਜ਼ਿੰਮੇਵਾਰ ਲਾਪਰਵਾਹ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਅਖੀਰ ਵਿੱਚ ਬਾਪੂ ਤਰਸੇਮ ਸਿੰਘ ਨੇ ਸਪੱਸ਼ਟ ਕੀਤਾ ਕਿ ਜਦ ਤੱਕ ਇਹ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਅਕਾਲੀ ਦਲ ਵਾਰਿਸ ਪੰਜਾਬ ਦੇ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਆਪਣਾ ਸੰਘਰਸ਼ ਜਾਰੀ ਰੱਖੇਗਾ।

# ਕਬੱਡੀ ਕੋਚ ਰੂਪੇ ਹਠੂਰ ਦੇ ਪਿਤਾ ਸਰਦਾਰ ਅਜੀਤ ਸਿੰਘ ਨਹੀਂ ਰਹੇ

### ਨਗਰ ਨਿਵਾਸੀਆਂ, ਵੱਖ-ਵੱਖ ਸ਼ਖ਼ਸੀਅਤਾਂ ਅਤੇ ਖਿਡਾਰੀਆਂ ਨੇ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ



ਜਗਰਾਉਂ -(ਵਰਿਆਮ ਹਠੂਰ) ਮਸ਼ਹੂਰ ਕਬੱਡੀ ਕੋਚ ਜਗਰੂਪ ਸਿੰਘ ਰੂਪਾ ਹਠੂਰ ਦੇ ਸਤਿਕਾਰਯੋਗ ਪਿਤਾ ਸਰਦਾਰ ਅਜੀਤ ਸਿੰਘ ਜੀ ਪ੍ਰਮਾਤਮਾ ਵੱਲੋਂ ਬਖਸ਼ੀ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਇਤਿਹਾਸਕ ਕਸਬਾ ਹਠੂਰ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ, ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ, ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਗ੍ਰਾਮ ਪੰਚਾਇਤ ਹਠੂਰ, ਆੜਤੀਆ ਅਤੇ ਪੰਚ ਜਗਦੇਵ ਸਿੰਘ ਬੱਬੂ ਗਰੇਵਾਲ ਹਠੂਰ, ਸੀਨੀਅਰ ਕਾਂਗਰਸੀ ਆਗੂ ਗੁਰਜਿੰਦਰ ਸਿੰਘ ਬਿੱਟੂ ਮਾਣੂੰਕੇ, ਸਿੱਖਿਆ ਅਫਸਰ ਸੁਖਦੇਵ ਸਿੰਘ ਹਠੂਰੀਆ, ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ, ਕਬੱਡੀ ਕੋਚ ਭਰਥਾ ਗੁਰਮਾ, ਕਵੀਸ਼ਰ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਜੀਵਨ ਕੁਮਾਰ ਗੋਲਡੀ ਗੋਇਲ, ਬਾਬੂ ਭੂਸ਼ਨ ਕੁਮਾਰ (ਜਗਰਾਉਂ) ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ, ਪ੍ਰਿਤਪਾਲ ਸਿੰਘ ਮੁੱਲਾਂਪੁਰ, ਕਬੱਡੀ ਖਿਡਾਰੀ ਕਾਲਾ ਹਠੂਰ, ਆਮ ਆਦਮੀ ਪਾਰਟੀ ਤੋਂ ਯੂਥ ਆਗੂ ਪ੍ਰਮਿੰਦਰ ਸਿੰਘ ਹਠੂਰ, ਪ੍ਰਧਾਨ ਤਰਸੇਮ ਸਿੰਘ ਹਠੂਰ, ਹਾਕੀ ਕੋਚ ਪ੍ਰੀਤਮ ਸਿੰਘ ਹਠੂਰ, ਪ੍ਰਧਾਨ ਅਵਤਾਰ ਸਿੰਘ ਬਿੱਲਾ ਹਠੂਰ (ਜਗਰਾਉਂ) ਚੌਧਰੀ ਬੂੜਾ ਸਿੰਘ ਹਠੂਰ, ਪ੍ਰਗਟ ਸਿੰਘ ਬੱਗਾ, ਅਵਤਾਰ ਸਿੰਘ ਕਮਲ ਸਟੂਡੀਓ ਹਠੂਰ, ਬੀ.ਜੇ.ਪੀ ਮੰਡਲ ਹਠੂਰ ਦੇ ਸਾਬਕਾ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ, ਬੇਅੰਤ ਮੁਸਕਾਨ ਸਟੂਡੀਓ ਭੰਮੀਪੁਰਾ, ਮਾਰਸ਼ਲ ਸਟੂਡੀਓ ਹਠੂਰ, ਅਤੇ ਹੋਰ ਨਗਰ ਨਿਵਾਸੀਆਂ ਸਮੇਤ ਵੱਖ ਵੱਖ ਸਪੋਰਟਸ ਕਲੱਬਾਂ, ਅਜਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਹਠੂਰ, ਵੱਖ ਵੱਖ ਖਿਡਾਰੀਆਂ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ, ਅਤੇ ਰੀਅਲ ਮਿਕਸ ਨਿਊਜ਼ ਦੀ ਟੀਮ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਕਿਹਾ ਕਿ ਪ੍ਰਮਾਤਮਾ ਵੱਲੋਂ ਬਣਾਏ ਗਏ ਜਨਮ ਮਰਨ ਦੇ ਚੱਕਰ ਅਨੁਸਾਰ ਕਬੱਡੀ ਕੋਚ ਜਗਰੂਪ ਸਿੰਘ ਰੂਪਾ ਹਠੂਰ ਦੇ ਸਤਿਕਾਰਯੋਗ ਪਿਤਾ ਸਰਦਾਰ ਅਜੀਤ ਸਿੰਘ ਜੀ ਜੋ ਪ੍ਰਮਾਤਮਾ ਵੱਲੋਂ ਬਖਸ਼ੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ। ਅਸੀਂ ਸਾਰੇ ਉਸ ਪ੍ਰਮਾਤਮਾ ਦੀ ਫ਼ਸਲ ਹਾਂ ਜਿਸ ਨੂੰ ਉਸ ਨੇ ਆਪਣੀ ਮਰਜ਼ੀ ਅਨੁਸਾਰ ਕੱਚੀ ਪੱਕੀ ਕੱਟ ਲੈਣਾ ਹੈ। ਜਿਸ ਤੇ ਇਨਸਾਨ ਦਾ ਕੋਈ ਵੀ ਜ਼ੋਰ ਨਹੀਂ ਹੁੰਦਾ, ਜੋ ਵੀ ਜੱਗ ਤੇ ਆਇਆ ਹੈ। ਹਰ ਇਨਸਾਨ ਨੇ ਆਪੋ ਆਪਣੀ ਵਾਰੀ ਅਨੁਸਾਰ ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ। ਪ੍ਰਮਾਤਮਾ ਹਮੇਸ਼ਾ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਐਸ ਐਚ ਓ ਮੱਤੇਵਾਲ ਹਰਜੀਤ ਸਿੰਘ ਬੱਲ ਵੱਲੋਂ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਕੀਤੀ ਅਪੀਲ



**ਚੌਕ ਮਹਿਤਾ 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੁਲਿਸ ਥਾਣਾ ਮੱਤੇਵਾਲ ਦੇ ਐਸ ਐਚ ਓ ਹਰਜੀਤ ਸਿੰਘ ਬੱਲ ਵੱਲੋਂ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਨਾਲ ਜਾ ਕੇ ਮੀਟਿੰਗਾਂ ਕੀਤੀਆਂ ਗਈਆਂ ਅਤੇ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਅਪੀਲ ਕੀਤੀ ਗਈ ਉਹਨਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਪਰਾਲੀ ਦੀਆਂ ਗੱਠਾਂ ਬੰਧਣ ਵਾਲੀਆਂ ਮਸ਼ੀਨਾਂ ਇਲਾਕੇ ਵਿੱਚ ਪਹੁੰਚੀ ਵੱਡੀ ਗਿਣਤੀ ਵਿੱਚ ਪਹੁੰਚੀਆਂ ਹਨ ਅਤੇ ਪਰਾਲੀ ਮੁੱਲ ਵੀ ਖਰੀਦ ਰਹੀਆਂ ਹਨ ਉਹਨਾਂ ਸਮੂਹ ਕਿਸਾਨ ਵੀਰਾਂ ਨੂੰ ਭਰਾਵਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਾਓ ਪਰਾਲੀ ਨੂੰ ਅੱਗ ਲਾਉਣ ਲੱਗਣ ਨਾਲ ਸਾਡੇ ਕਈ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜਮੀਨ ਦੀ ਪੈਦਾਵਾਰ ਵੀ ਘੱਟ ਜਾਂਦੀ ਹੈ।

# ਭਾਰਤੀ ਜੀਵਨ ਬੀਮਾ ਨਿਗਮ ਵੱਲੋਂ ਪਲੇਸਮੈਂਟ ਕੈਂਪ 1 ਅਕਤੂਬਰ ਨੂੰ

ਸੰਗਰੂਰ ( ਰਣਜੀਤ ਸਿੰਘ ਪੇਧਨੀ ) - ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਭਾਰਤੀ ਜੀਵਨ ਬੀਮਾ ਨਿਗਮ ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 1 ਅਕਤੂਬਰ ਦਿਨ ਬੁੱਧਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਕੰਪਨੀ ਵੱਲੋਂ ਸੁਪਰਵਾਈਜਰ ਏਜੰਟ (ਕੇਵਲ ਲੜਕੀਆਂ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਪ੍ਰਾਰਥੀ ਆਪਣਾ ਆਧਾਰ ਕਾਰਡ ਅਤੇ ਪੈਨ ਕਾਰਡ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ। ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

# ਮੁੱਖ ਮੰਤਰੀ ਦੇ ਓਐਸਡੀ ਰਾਜਵੀਰ ਸਿੰਘ ਨੇ ਲਾਇਬਰੇਰੀ ਅਤੇ ਸੜਕ ਬਮਾਲ ਦਾ ਕੀਤਾ ਉਦਘਾਟਨ





**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਓਐਸਡੀ ਸ,ਰਾਜਵੀਰ ਸਿੰਘ ਨੇ ਪਿੰਡ ਬਮਾਲ ਵਿਖੇ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬਰੇਰੀ ਅਤੇ ਸੜਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਦੇ ਦਫਤਰ ਇੰਚਾਰਜ ਚੇਅਰਮੈਨ ਦਲਵੀਰ ਸਿੰਘ ਢਿੱਲੋ ਅਤੇ ਮੁੱਖ ਮੰਤਰੀ ਦੇ ਦਫਤਰ ਇੰਚਾਰਜ ਸ, ਰਾਜਵੰਤ ਸਿੰਘ ਘੁਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ,,ਸੰਦੀਪ ਤਾਇਲ ਪੱਪੂ, ਕਾਲਾ ਬੇਨੜਾ, ਸਰਪੰਚ ਜਗਜੀਤ ਸਿੰਘ ਕੱਕੜਵਾਲ , ਐਡਵੋਕੇਟ ਹੈਪੀ ਗੋਇਲ,ਰਛਪਾਲ ਸਿੰਘ ਭੁੱਲਰ,ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ, ਕੁਲਦੀਪ ਸਿੰਘ ਬੁੱਟਰ, ਬਲਾਕ ਪ੍ਰਧਾਨ ਕਾਲਾ ਬੇਨੜਾ, ਪੁਸਪਿੰਦਰ ਸੋਮਾ ਐਮ,ਸੀ, , ਸੁਖਪਾਲ ਪਾਲਾ, ਸਰਪੰਚ ਰਾਜ ਸਿੰਘ ਮਾਨਵਾਲਾ, ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਰਾਜੂ ਬਰੜਵਾਲ, ਦਰਸਨ ਸਿੰਘ ਪਾਠਕ, ਐਸੀ ਵਿੰਗ ਦੇ ਜ਼ਿਲਾ ਪ੍ਰਧਾਨ ਲਾਭ ਸਿੰਘ, ਨਪਿੰਦਰ ਸਿੰਘ ਕਾਂਝਲਾ, ਬਸੰਤ ਕੁਮਾਰ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਸਰਪੰਚ ਗੋਪੀ ਮੀਮਸਾ, ਮਾਣਾ ਗਰੇਵਾਲ, ਭਿੰਦਾ ਵਿਰਕ, ਜੱਜ ਧੂਰੀ, ਮਨਦੀਪ ਸਿੰਘ ਰੰਗੀਆਂ, ਸੰਦੀਪ ਸਿੰਘ ਧੂਰੀ ਬੱਸ, ਬੱਬੂ ਧੂਰੀ ,ਅਰਸ ਧੂਰੀ ,ਸ਼ੰਭੂ ਧੂਰੀ , ਨਵਜੋਤ ਕੌਰ ਧੂਰੀ ,ਗੁਰਪ੍ਰੀਤ ਸਿੰਘ ਦੋਹਲਾ, ਨਰੇਸ ਸਿੰਗਲਾ,ਸੁਖਦੀਪ ਸਿੰਘ ਚੀਮਾ, ਸੁਰਜੀਤ ਸਿੰਘ ਪੰਚ ਪੇਧਨੀ, ਕਾਲਾ ਚੀਮਾ, ਕੁਲਦੀਪ ਸਿੰਘ ਪੰਚ ਪੇਧਨੀ, ਸਰਪੰਚ ਮੱਖਣ ਸਿੰਘ ਪੇਧਨੀ, ਮਨਪ੍ਰੀਤ ਸਿੰਘ ਸਲੇਮਪੁਰ, ਜਗਤਾਰ ਸਿੰਘ ਬਾਗੜੀ, ਗਿੰਨੀ ਸਲੇਮ ਆਦਿ ਹਾਜ਼ਰ ਸਨ।

ਪਿੰਡ ਤਾਰੂਆਣਾ ਸਿਰਸਾ ਗੁਰਦੁਆਰਾ ਸਾਹਿਬ ਵਿਖੇ ਸਰਦਾਰ ਜਸਦੇਵ ਸਿੰਘ ਜੀ ਦੀ ਧਰਮ ਸੁਪਤਨੀ

# ਮਾਤਾ ਰਣਜੀਤ ਕੌਰ ਜੀ ਦੀ ਅੰਤਿਮ ਅਰਦਾਸ ਸੰਪੰਨ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸਿੱਖ ਸੰਗਤ ਵੱਲੋਂ ਸ਼ਰਧਾਂਜਲੀਆਂ ਭੇਂਟ






ਆਵਾਜ਼ਿ ਕੌਮ AWAZE QAUM International Newspaper & WEB TV




ਪਿੰਡ ਤਾਰੂਆਣਾ ਸਿਰਸਾ ਗੁਰਦੁਆਰਾ ਸਾਹਿਬ ਵਿਖੇ ਮਾਤਾ ਰਣਜੀਤ ਕੌਰ (ਧਰਮ ਸੁਪਤਨੀ ਸਰਦਾਰ ਜਸਦੇਵ ਸਿੰਘ )ਜੀ ਦੀ ਅੰਤਿਮ ਅਰਦਾਸ ਸਮੇਂ ਅੱਜ ਸ਼ਰਧਾਂਜਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਹਾਜ਼ਰ ਸਿੱਖ ਸੰਗਤ।(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ

# ਇੰਗਲੈਂਡ ਵਿੱਚ ਖੋਲ੍ਹਿਆ ਤਾਲਮੇਲ ਕੇਂਦਰ

## ਯੂਕੇ ਸਮੇਤ ਪੂਰੇ ਯੂਰਪ ਦੀਆਂ ਸੰਗਤਾਂ ਲਈ ਮਹੱਤਵਪੂਰਨ ਸਾਬਤ ਹੋਵੇਗਾ ਤਾਲਮੇਲ ਕੇਂਦਰ- ਐਡਵੋਕੇਟ ਧਾਮੀ









ਨਵੀਂ ਦਿੱਲੀ, 30 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੀ ਮੰਗ, ਲੋੜਾਂ ਅਤੇ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇੰਗਲੈਂਡ ਦੇ ਬਰਮਿੰਘਮ ਵਿਖੇ ਤਾਲਮੇਲ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਇਸ ਕੇਂਦਰ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਦੇ ਮੁੰਬਈ ਤੋਂ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਵੱਲੋਂ ਕੀਤੇ ਯਤਨਾਂ ਅਤੇ ਖਾਲਸਾ ਪੰਥ ਅਕੈਡਮੀ ਬਰਮਿੰਘਮ ਦੇ ਸਹਿਯੋਗ ਨਾਲ ਸੰਭਵ ਹੋਈ ਹੈ। ਇਸ ਦਾ ਉਦਘਾਟਨੀ ਸਮਾਗਮ ਬੀਤੇ ਕੱਲ੍ਹ ਪੰਥਕ ਰਵਾਇਤਾਂ ਨਾਲ ਹੋਇਆ, ਜਿਸ ਵਿਚ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਜੋਧ ਸਿੰਘ ਸਮਰਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਬੀਬੀ ਪਰਮਜੀਤ ਕੌਰ ਗੁਰੂ ਅੰਗਦ ਦੇਵ ਜੀ ਨਿਵਾਸ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਵੀ ਆਨਲਾਈਨ ਮੌਜੂਦਗੀ ਰਹੀ। ਸ਼੍ਰੋਮਣੀ ਕਮੇਟੀ ਦਫਤਰ ਤੋਂ ਪ੍ਰੈੱਸ ਨੂੰ ਜਾਰੀ ਕੀਤੀ ਗਈ ਜਾਣਕਾਰੀ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਹ ਕੇਂਦਰ ਵਿਦੇਸ਼ ਵਿੱਚ ਰਹਿੰਦੀ ਸਿੱਖ ਸੰਗਤ ਦੀ ਮੰਗ ਉਤੇ ਖੋਲ੍ਹਿਆ ਗਿਆ ਹੈ। ਇਹ ਯੂਕੇ ਦੇ ਨਾਲ ਨਾਲ ਪੂਰੇ ਯੂਰਪ ਦੀਆਂ ਸੰਗਤਾਂ ਲਈ ਬਹੁਤ ਹੀ ਮਹੱਤਵਪੂਰਨ ਸਾਬਤ ਹੋਵੇਗਾ। ਇਸ ਕੇਂਦਰ ਰਾਹੀਂ ਸੰਗਤਾਂ ਤਖ਼ਤ ਸਾਹਿਬਾਨ ਅਤੇ ਪੰਥ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਜੁੜਨਗੀਆਂ। ਉਨ੍ਹਾਂ ਦੱਸਿਆ ਕਿ ਯੂਰਪ ਅਤੇ



ਇੰਗਲੈਂਡ ਦੀਆਂ ਸੰਗਤਾਂ ਜਦੋਂ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਪੰਜਾਬ ਆਉਣਗੀਆਂ, ਤਾਂ ਇਸ ਤਾਲਮੇਲ ਕੇਂਦਰ ਰਾਹੀਂ ਉਨ੍ਹਾਂ ਲਈ ਰਿਹਾਇਸ਼, ਯਾਤਰਾ ਤੇ ਹੋਰ ਲੋੜੀਂਦੇ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਯਕੀਨੀ ਬਣਾਏ ਜਾਣਗੇ। ਇਸ ਨਾਲ ਸੰਗਤਾਂ ਨੂੰ ਦਰਸ਼ਨਾਂ ਅਤੇ ਸੇਵਾ ਸਮੇਂ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਤਾਲਮੇਲ ਕੇਂਦਰ ਦੀ ਸੰਚਾਲਨ ਸੇਵਾ ਸ. ਗੁਰਿੰਦਰ ਸਿੰਘ ਬਾਵਾ ਨੂੰ ਸੌਂਪੀ ਗਈ ਹੈ, ਜੋ ਕਿ ਸ਼੍ਰੋਮਣੀ ਕਮੇਟੀ ਮੈਂਬਰ ਹੋਣ ਦੇ ਨਾਲ ਨਾਲ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਬੋਰਡ ਦੇ ਵੀ ਮੈਂਬਰ ਹਨ। ਸ. ਬਾਵਾ ਦੇ ਵਿਸ਼ੇਸ਼ ਉਪਰਾਲੇ ਅਤੇ ਸਮਰਪਣ ਦੇ ਸਦਕਾ ਹੀ ਭਾਰਤ ਤੋਂ ਬਾਹਰ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਤਾਲਮੇਲ ਕੇਂਦਰ ਖੋਲ੍ਹਿਆ ਗਿਆ ਹੈ। ਐਡਵੋਕੇਟ ਧਾਮੀ ਨੇ ਸ. ਬਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਵਿਦੇਸ਼ਾਂ ਵਿੱਚ ਵੱਸਦੀਆਂ ਸੰਗਤਾਂ ਨੂੰ ਬਹੁਤ ਲਾਭ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਆਰੰਭ ਕੀਤੇ ਇਸ ਕਾਰਜ ਵਿਚ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਆਸਟਰੀਆ, ਗੁਰਦੁਆਰਾ ਗੁਰੂ ਨਾਨਕ ਦਰਬਾਰ ਲੰਡਨ, ਖਾਲਸਾ ਦੀਵਾਨ ਸੁਸਾਇਟੀ ਲੰਡਨ, ਗੁਰੂ ਹਰਿਗੋਬਿੰਦ ਸਾਹਿਬ ਸੇਵਾ ਟਰੱਸਟ, ਗੁਰਦੁਆਰਾ ਗੁਰੂ ਅਮਰਦਾਸ ਜੀ, ਗੁਰਦੁਆਰਾ ਗੁਰੂ ਨਾਨਕ ਦਰਬਾਰ ਬੈਲਜ਼ੀਅਮ, ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਕਿੰਗਸਟਨ, ਨਿਹਕਾਮੀ ਸੇਵਾ ਟਰੱਸਟ ਯੂਕੇ ਸਮੇਤ ਮੈਨ ਚੈਸਟਰ ਲੰਡਨ, ਲੈਸਟਰ, ਬੈਲਜ਼ੀਅਮ, ਜਰਮਨੀ ਅਤੇ ਹਾਲੈਂਡ, ਇਟਲੀ ਦੀਆਂ ਸੰਗਤਾਂ ਵੱਲੋਂ ਭਰਵਾਂ ਸਹਿਯੋਗ ਕੀਤਾ ਗਿਆ ਹੈ। ਇਸ ਮੌਕੇ ਸ. ਲਾਲ ਸਿੰਘ, ਭਾਈ ਓਂਕਾਰ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਸੁਰਿੰਦਰ ਸਿੰਘ ਮਰਮਾਰ, ਸ. ਭਗਵਾਨ ਸਿੰਘ ਜੌਹਲ ਤੇ ਖਾਲਸਾ ਪੰਥ ਅਕੈਡਮੀ ਦੇ ਨੁਮਾਇੰਦੇ ਭਾਈ ਕਰਨਜੀਤ ਸਿੰਘ ਖ਼ਾਲਸਾ, ਭਾਈ ਤਲਵਿੰਦਰ ਸਿੰਘ ਮਸਤਾਨਾ, ਭਾਈ ਗੁਰਸੇਵਕ ਸਿੰਘ ਸ਼ੇਰਗਿੱਲ, ਭਾਈ ਗੁਲਿੰਦਰ ਸਿੰਘ, ਭਾਈ ਹਰਦੇਵ ਸਿੰਘ, ਭਾਈ ਜਸਵੰਤ ਸਿੰਘ, ਭਾਈ ਬਚਨ ਸਿੰਘ ਅਰੋੜਾ, ਭਾਈ ਸਵੇਰਾ ਸਿੰਘ, ਭਾਈ ਜਤਿੰਦਰ ਸਿੰਘ ਅਤੇ ਹੋਰ ਮੌਜੂਦ ਸਨ। ••